ਚੜ੍ਹਦੀਕਲਾ ਪੜ੍ਹੋ ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ ਲਈ
ਆਪਣੇ ਅਖ਼ਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'
DAILY CHARHDIKALA, CHANDIGARH
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Thursday, 26 March, 2026) ਚੰਡੀਗੜ੍ਹ ਵੀਰਵਾਰ, 26 ਮਾਰਚ, 2026, 13 ਚੇਤ ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083

ਚੜ੍ਹਦੀਕਲਾ ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ news@charhdikala.com ਉੱਤੇ ਹੀ ਭੇਜਿਆ ਜਾਵੇ ਜੀ

PRGI (RNI) Regd. No. CHPUN/25/A1790 ਸਾਲ (Year) 2 ਅੰਕ ਨੰਬਰ (Volume No.) 83 ਮੁੱਲ : 2.00 ਰੁਪਏ ਫ਼ੋਨ: +91-92168-07500 E-mail: news@charhdikala.com




## ਪੈਟਰੋਲ-ਡੀਜ਼ਲ ਖ਼ਤਮ ਹੋਣ ਦੀ ਅਫਵਾਹ ਕਾਰਨ ਰਾਤ ਭਰ ਪੰਪਾਂ 'ਤੇ ਲੱਗੀਆਂ ਰਹੀਆਂ ਲੰਬੀਆਂ ਲਾਈਨਾਂ

ਨਵੀਂ ਦਿੱਲੀ, 25 ਮਾਰਚ (ਚ. ਨ. ਸ.): ਈਰਾਨ ਅਤੇ ਅਮਰੀਕਾ-ਇਜ਼ਰਾਈਲ ਜੰਗ ਦੇ ਵਿਚਕਾਰ ਬਾਲਣ (ਫਿਊਲ) ਦੀ ਕਿੱਲਤ ਨੂੰ ਲੈ ਕੇ ਅਫਵਾਹਾਂ ਦਾ ਦੌਰ ਜਾਰੀ ਹੈ। ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਬੀਤੀ ਰਾਤ ਤੋਂ ਪੈਟਰੋਲ ਪੰਪਾਂ 'ਤੇ ਲੰਬੀਆਂ-ਲੰਬੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ।

ਲੋਕ ਅਫਵਾਹਾਂ ਤੋਂ ਇੰਨੇ ਪ੍ਰਭਾਵਿਤ ਹਨ ਕਿ ਸਵੇਰੇ-ਸਵੇਰੇ ਲੰਬੀਆਂ ਕਤਾਰਾਂ ਵਿੱਚ ਲੱਗ ਕੇ ਤੇਲ ਪੁਆ ਰਹੇ ਹਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਾਰੇ ਡਿਪੂਆਂ ਵਿੱਚ ਲੋੜੀਂਦਾ ਪੈਟਰੋਲ-ਡੀਜ਼ਲ ਮੌਜੂਦ ਹੈ। ਲੋਕ ਅਫਵਾਹਾਂ ਵੱਲ ਧਿਆਨ ਦੇ ਕੇ ਬੇਵਜ੍ਹਾ ਤੇਲ ਦਾ ਭੰਡਾਰ ਨਾ ਕਰਨ।



ਦੇਸ਼ ਦੇ ਕਈ ਸ਼ਹਿਰਾਂ ਤੋਂ ਸ਼ੁਰੂ ਹੋਇਆ ਪੈਟਰੋਲ-ਡੀਜ਼ਲ ਖ਼ਤਮ ਹੋਣ ਦੀਆਂ ਅਫਵਾਹਾਂ ਦਾ ਦੌਰ ਰਾਤ ਹੁੰਦੇ-ਹੁੰਦੇ ਇੰਦੌਰ ਵੀ ਪਹੁੰਚ ਗਿਆ। ਇਸ ਤੋਂ ਬਾਅਦ ਲੋਕ ਆਪਣੇ ਵਾਹਨਾਂ ਵਿੱਚ ਤੇਲ ਪੁਆਉਣ ਲਈ ਪੰਪਾਂ ਵੱਲ ਦੌੜੇ। ਜਿਸ ਕਾਰਨ ਗੀਤਾ ਭਵਨ ਅਤੇ ਹੋਰ ਪੰਪਾਂ 'ਤੇ ਲੰਬੀਆਂ ਕਤਾਰਾਂ ਲੱਗ ਗਈਆਂ।

ਕਈ ਲੋਕ ਕੇਨੀਆਂ ਅਤੇ ਬੋਤਲਾਂ ਵਿੱਚ ਪੈਟਰੋਲ ਲੈਂਦੇ ਦਿਖਾਈ ਦਿੱਤੇ। ਪੈਟਰੋਲ ਪੰਪਾਂ 'ਤੇ ਇਕੱਠੀ ਹੋ ਰਹੀ ਭੀੜ ਦੀ ਖ਼ਬਰ ਮਿਲਦਿਆਂ ਹੀ ਕੁਲੈਕਟਰ ਮ੍ਰਿਣਾਲ ਮੀਨਾ ਨੇ ਵੀਡੀਓ ਜਾਰੀ ਕਰਕੇ ਲੋਕਾਂ ਨੂੰ ਪੈਨਿਕ (ਘਬਰਾਉਣ) ਤੋਂ ਬਚਣ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

ਡੀਐਮ (ਕੁਲੈਕਟਰ) ਨੇ ਕੀ ਕਿਹਾ?

ਵੀਡੀਓ ਵਿੱਚ ਕੁਲੈਕਟਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਲੋੜੀਂਦੀ ਮਾਤਰਾ ਵਿੱਚ ਪੈਟਰੋਲ-ਡੀਜ਼ਲ ਅਤੇ ਘਰੇਲੂ ਐਲਪੀਜੀ ਉਪਲਬਧ ਹੈ। ਲੋਕਾਂ ਨੂੰ ਪਰੇਸ਼ਾਨ ਹੋਣ ਦੀ ਲੋੜ ਨਹੀਂ ਹੈ। ਕੁਲੈਕਟਰ ਨੇ ਦੱਸਿਆ ਕਿ ਪੁਲਿਸ ਅਤੇ ਪ੍ਰਸ਼ਾਸਨ ਦੀ ਟੀਮ ਪੈਟਰੋਲ ਪੰਪਾਂ ਅਤੇ ਗੈਸ ਏਜੰਸੀਆਂ 'ਤੇ ਨਜ਼ਰ ਰੱਖ ਰਹੀ ਹੈ। ਇਸ ਦੇ ਲਈ ਬਕਾਇਦਾ ਕੰਟਰੋਲ ਰੂਮ ਬਣਾਇਆ ਗਿਆ ਹੈ।

ਕੁਲੈਕਟਰ ਦੀ ਵੀਡੀਓ ਜਾਰੀ ਹੋਣ ਤੋਂ ਕੁਝ ਦੇਰ ਬਾਅਦ ਹੀ ਪੁਲਿਸ ਸੁਪਰਡੈਂਟ ਆਦਿਤਿਆ ਮਿਸ਼ਰਾ ਨੇ ਵੀ ਵੀਡੀਓ ਜਾਰੀ ਕਰਕੇ ਲੋਕਾਂ ਨੂੰ ਨਾ ਘਬਰਾਉਣ ਦੀ ਸਲਾਹ ਦਿੱਤੀ ਅਤੇ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਵਿੱਚ ਲੋੜੀਂਦੀ ਮਾਤਰਾ ਵਿੱਚ ਐਲਪੀਜੀ ਅਤੇ ਪੈਟਰੋਲੀਅਮ ਪਦਾਰਥ ਮੌਜੂਦ ਹਨ।

# ਸਰਕਾਰ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਜਲਦੀ ਤੇ ਨਿਰਪੱਖਤਾ ਨਾਲ ਹੱਲ ਕਰਨ ਲਈ ਵਚਨਬੱਧ : ਹਰਪਾਲ ਸਿੰਘ ਚੀਮਾ

### ਵਿੱਤ ਮੰਤਰੀ ਨੇ ਵੱਖ-ਵੱਖ ਮੁਲਾਜ਼ਮਾਂ ਤੇ ਯੂਨੀਅਨਾਂ ਨਾਲ ਕੀਤੀਆਂ ਮੈਰਾਥਨ ਮੀਟਿੰਗਾਂ, ਜਾਇਜ਼ ਮੰਗਾਂ 'ਤੇ ਤੁਰੰਤ ਕਾਰਵਾਈ ਦਾ ਦਿੱਤਾ ਭਰੋਸਾ

ਚੰਡੀਗੜ੍ਹ, 25 ਮਾਰਚ (ਚ. ਨ. ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਜੋਂ ਅੱਜ ਪੰਜਾਬ ਭਰ ਦੇ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਦੀਆਂ ਲੰਬਿਤ ਮੰਗਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਆਪਣੇ ਦਫ਼ਤਰ ਵਿਖੇ ਅਹਿਮ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਦੌਰਾਨ, ਵਿੱਤ ਮੰਤਰੀ ਨੇ ਮੈਰੀਟੋਰੀਅਸ ਸਕੂਲ ਟੀਚਰਜ਼ ਯੂਨੀਅਨ, ਅਧਿਆਪਕ ਇਨਸਾਫ਼ ਕਮੇਟੀ, ਫਾਇਰ ਬ੍ਰਿਗੇਡ ਆਊਟਸੋਰਸ ਇੰਪਲਾਈਜ਼ ਯੂਨੀਅਨ, ਫਾਇਰ ਬ੍ਰਿਗੇਡ ਕੰਟਰੈਕਟ ਇੰਪਲਾਈਜ਼ ਯੂਨੀਅਨ ਅਤੇ ਜੰਗਲਾਤ ਵਰਕਰਜ਼ ਯੂਨੀਅਨ ਸਮੇਤ ਕਈ ਯੂਨੀਅਨਾਂ ਦੇ ਵਫ਼ਦਾਂ ਨਾਲ ਸਿੱਧੀ ਗੱਲਬਾਤ ਕੀਤੀ।



ਵਿੱਤ ਮੰਤਰੀ ਨੇ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਦੇ ਮਸਲਿਆਂ 'ਤੇ ਵਿਸਤ੍ਰਿਤ ਚਰਚਾ ਕੀਤੀ ਅਤੇ ਇਹ ਯਕੀਨੀ ਬਣਾਉਣ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਕਿ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਮੰਗਾਂ ਨੂੰ ਜਲਦ ਤੋਂ ਜਲਦ ਵਿਚਾਰਿਆ ਅਤੇ ਹੱਲ ਕੀਤਾ ਜਾਵੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜ਼ਮਾਂ ਦੀ ਭਲਾਈ ਨੂੰ ਸੁਰੱਖਿਅਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕੀਤਾ ਜਾਵੇ। ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੈਬਨਿਟ ਸਬ-ਕਮੇਟੀ ਮੁਲਾਜ਼ਮ ਨੁਮਾਇੰਦਿਆਂ ਨਾਲ ਸਰਗਰਮੀ ਨਾਲ ਤਾਲਮੇਲ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇੱਕ ਪਾਰਦਰਸ਼ੀ ਅਤੇ ਜਵਾਬਦੇਹ ਵਿਧੀ ਰਾਹੀਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੁਣਿਆ ਅਤੇ ਹੱਲ ਕੀਤਾ ਜਾਵੇ।

ਇਨ੍ਹਾਂ ਮੀਟਿੰਗਾਂ ਦੌਰਾਨ ਮੈਰੀਟੋਰੀਅਸ ਸਕੂਲ ਟੀਚਰਜ਼ ਯੂਨੀਅਨ ਤੋਂ ਡਾ. ਟੀਨਾ ਅਤੇ ਅਜੈ ਕੁਮਾਰ, ਅਧਿਆਪਕ ਇਨਸਾਫ਼ ਕਮੇਟੀ ਤੋਂ ਵਿਕਰਮ ਦੇਵ ਸਿੰਘ, ਦਿਗਵਿਜੇ ਪਾਲ ਸ਼ਰਮਾ, ਸੁਖਵਿੰਦਰ ਸਿੰਘ ਚਾਹਲ ਅਤੇ ਬਾਜ਼ ਸਿੰਘ, ਫਾਇਰ ਬ੍ਰਿਗੇਡ ਆਊਟਸੋਰਸ ਇੰਪਲਾਈਜ਼ ਯੂਨੀਅਨ ਤੋਂ ਸਾਹਿਬ ਸਿੰਘ, ਗੁਰਵਿਰਯਮ ਸਿੰਘ ਅਤੇ ਸੁਖਜੀਤ ਸਿੰਘ, ਫਾਇਰ ਬ੍ਰਿਗੇਡ ਕੰਟਰੈਕਟ ਇੰਪਲਾਈਜ਼ ਯੂਨੀਅਨ ਤੋਂ ਸੋਭਾ ਸਿੰਘ, ਅਤੇ ਜੰਗਲਾਤ ਵਰਕਰਜ਼ ਯੂਨੀਅਨ ਤੋਂ ਮੱਖਣ ਸਿੰਘ ਵਾਹਿਦਪੁਰੀ, ਅਮਰੀਕ ਸਿੰਘ, ਜਸਵਿੰਦਰ ਸਿੰਘ, ਸਤਨਾਮ ਸਿੰਘ, ਰਵੀ ਕੁਮਾਰ ਅਤੇ ਸ਼ਿੰਦਰਪਾਲ ਸਿੰਘ ਨੇ ਆਪਣੀਆਂ ਯੂਨੀਅਨਾਂ ਦੇ ਮੁੱਦਿਆਂ ਨੂੰ ਪੇਸ਼ ਕੀਤਾ।

## ਪਠਾਣਮਾਜਰਾ ਗ੍ਰਿਫ਼ਤਾਰ, ਪੰਜ ਦਿਨਾਂ ਪੁਲਿਸ ਰਿਮਾਂਡ 'ਤੇ ਭੇਜਿਆ

ਚੰਡੀਗੜ੍ਹ, 25 ਮਾਰਚ (ਚ. ਨ. ਸ.): ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਭੂਚਾਲ ਆ ਗਿਆ



ਜਦੋਂ ਪਿਛਲੇ ਛੇ ਮਹੀਨਿਆਂ ਤੋਂ ਪੁਲਿਸ ਨੂੰ ਚਕਮਾ ਦੇ ਰਹੇ ਜ਼ਬਰ-ਜਨਾਹ ਦੇ ਮੁਲਜ਼ਮ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਆਖ਼ਰਕਾਰ ਪਟਿਆਲਾ ਪੁਲਿਸ ਨੇ ਦਬੋਚ ਲਿਆ। ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਪਠਾਣਮਾਜਰਾ 'ਤੇ ਜ਼ਬਰ-ਜਨਾਹ, ਧੋਖਾਧੜੀ ਅਤੇ ਡਰਾਉਣ-ਧਮਕਾਉਣ ਵਰਗੇ ਗੰਭੀਰ ਇਲਜ਼ਾਮ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 2 ਸਤੰਬਰ ਤੋਂ ਫਰਾਰ ਚੱਲ ਰਹੇ ਇਸ ਵਿਧਾਇਕ ਖਿਲਾਫ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ, ਕਾਨੂੰਨ ਤੋਂ ਬਚਣ ਦੀ ਹਰ ਕੋਸ਼ਿਸ਼ ਹੁਣ ਨਾਕਾਮ ਸਾਬਤ ਹੋਈ ਹੈ ।

## ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਜਾਵੇਗਾ ਸਿੱਖ ਜਥਾ

ਅੰਮ੍ਰਿਤਸਰ, 25 ਮਾਰਚ (ਚ. ਨ. ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਵਾਸਤੇ ਜਾਣ ਵਾਲੇ ਜਥੇ ਲਈ ਸੰਗਤਾਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਗਈ ਹੈ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾ ਨੇ ਦੱਸਿਆ ਕਿ ਸਿੱਖ ਸੰਗਤਾਂ ਹਮੇਸ਼ਾ ਅਰਦਾਸ ਕਰਦੀਆਂ ਹਨ ਕਿ ਉਨ੍ਹਾਂ ਨੂੰ ਵੰਡ ਵੇਲੇ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਨਸੀਬ ਹੋਣ। ਹਾਲਾਂਕਿ ਸਰਕਾਰੀ ਪ੍ਰੋਟੋਕੋਲ ਮੁਤਾਬਕ ਸਾਲ ਵਿੱਚ ਚਾਰ ਜਥੇ ਪਾਕਿਸਤਾਨ ਜਾਂਦੇ ਹਨ, ਜਿਨ੍ਹਾਂ ਵਿੱਚੋਂ ਤੀਜਾ ਜਥਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਰਵਾਨਾ ਹੁੰਦਾ ਹੈ।

ਕਾਹਲਵਾ ਨੇ ਦੱਸਿਆ ਕਿ ਇਸ ਜਥੇ ਦੀ ਰਵਾਨਗੀ 21 ਜੂਨ 2026 ਨੂੰ ਸ੍ਰੀ ਅੰਮ੍ਰਿਤਸਰ ਤੋਂ ਹੋਵੇਗੀ। ਨਿਰਧਾਰਿਤ ਪ੍ਰੋਗਰਾਮ ਅਨੁਸਾਰ ਜਥਾ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਹੁੰਚੇਗਾ। 22 ਜੂਨ ਨੂੰ ਸੰਗਤਾਂ ਗੁਰਦੁਆਰਾ ਸੱਚਾ ਸੌਦਾ (ਮੰਡੀ ਚੂੜਕਾਣਾ) ਦੇ ਦਰਸ਼ਨ ਕਰਕੇ ਵਾਪਸ ਨਨਕਾਣਾ ਸਾਹਿਬ ਪਰਤਣਗੀਆਂ। ਇਸ ਤੋਂ ਬਾਅਦ 23 ਜੂਨ ਨੂੰ ਜਥਾ ਸ੍ਰੀ ਪੰਜਾ ਸਾਹਿਬ ਜਾਵੇਗਾ ਅਤੇ 25 ਜੂਨ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਰਵਾਨਾ ਹੋਵੇਗਾ। 27 ਜੂਨ ਨੂੰ ਗੁਰਦੁਆਰਾ ਰੋੜੀ ਸਾਹਿਬ (ਏਮਨਾਬਾਦ) ਦੇ ਦਰਸ਼ਨ ਕਰਦਿਆਂ ਸ਼ਾਮ ਨੂੰ ਜਥਾ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਲਾਹੌਰ ਪਹੁੰਚੇਗਾ। ਇੱਥੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸ਼ਰਧਾ ਨਾਲ ਮਨਾਈ ਜਾਵੇਗੀ ਅਤੇ 30 ਜੂਨ ਨੂੰ ਜਥਾ ਵਾਪਸ ਭਾਰਤ ਪਰਤ ਆਵੇਗਾ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਦੱਸਿਆ ਕਿ ਕੁੱਲ 500 ਦੇ ਕੋਟੇ ਵਿੱਚੋਂ ਸ਼੍ਰੋਮਣੀ ਕਮੇਟੀ ਲਈ 300 ਜਾਤਰੂਆਂ ਦਾ ਕੋਟਾ ਨਿਰਧਾਰਿਤ ਹੈ। ਉਨ੍ਹਾਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਜਿਹੜੇ ਮਾਈ-ਭਾਈ ਇਸ ਜਥੇ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ 31 ਮਾਰਚ 2026 ਤੱਕ ਹਰ ਹਾਲ ਵਿੱਚ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾ ਦੇਣ। ਪਾਸਪੋਰਟ ਦੇ ਨਾਲ ਆਧਾਰ ਕਾਰਡ ਦੀ ਕਾਪੀ ਅਤੇ ਆਪਣੇ ਹਲਕਾ ਮੈਂਬਰ ਦੀ ਤਸਦੀਕ ਕਰਵਾਉਣੀ ਲਾਜ਼ਮੀ ਹੈ।

## ਪੀ ਐੱਸ ਟੈੱਟ ਪ੍ਰੀਖਿਆ 19 ਅਪ੍ਰੈਲ ਨੂੰ

ਐੱਸ ਏ ਐੱਸ ਨਗਰ (ਮੋਹਾਲੀ), 25 ਮਾਰਚ (ਚ. ਨ. ਸ.): ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐੱਸ ਸੀ ਈ ਆਰ ਟੀ) ਸਿੱਖਿਆ ਵਿਭਾਗ ਵਿਚ ਸੇਵਾਵਾਂ ਨਿਭਾਅ ਰਹੇ ਸਨ ਸਰਵਿਸ ਅਧਿਆਪਕਾਂ ਲਈ ਪੀ ਐੱਸ ਟੈੱਟ-1 ਅਤੇ ਪੀ ਐੱਸ ਟੈੱਟ-2 ਦੀ ਪ੍ਰੀਖਿਆ ਦੀ ਮਿਤੀ ਤੈਅ ਕਰ ਦਿੱਤੀ ਹੈ। ਇਹ ਪ੍ਰੀਖਿਆ 19 ਅਪ੍ਰੈਲ 2026 ਨੂੰ ਲਈ ਜਾਵੇਗੀ।

ਵਿਭਾਗ ਵੱਲੋਂ ਜਾਰੀ ਕੀਤੇ ਗਏ ਨੋਟਿਸ ਮੁਤਾਬਕ, ਇਹ ਪ੍ਰੀਖਿਆ ਸਿਰਫ਼ ਉਨ੍ਹਾਂ ਅਧਿਆਪਕਾਂ ਲਈ ਹੈ ਜੋ ਇਸ ਸਮੇਂ ਸਰਕਾਰੀ ਸੇਵਾ ਵਿੱਚ ਹਨ। ਇਸ ਤੋਂ ਇਲਾਵਾ ਯੋਗਤਾ ਦੇ ਨਿਯਮ, ਫੀਸ ਅਤੇ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਬਾਰੇ ਮੁਕੰਮਲ ਜਾਣਕਾਰੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹੈ।

ਸਿੱਖਿਆ ਵਿਭਾਗ ਨੇ ਜਾਰੀ ਕੀਤੇ ਪੱਤਰ ਵਿੱਚ ਲਿਖਿਆ ਹੈ ਕਿ ਉਮੀਦਵਾਰ ਵਧੇਰੇ ਜਾਣਕਾਰੀ ਅਤੇ ਤਾਜ਼ਾ ਜਾਣਕਾਰੀ ਲਈ ਪ੍ਰੀਸ਼ਦ ਦੀ ਵੈੱਬਸਾਈਟ ਵੇਖ ਸਕਦੇ ਹਨ।

## ਕੋਟਕ ਮਹਿੰਦਰਾ ਬੈਂਕ 'ਚ 150 ਕਰੋੜ ਦਾ ਘੁਟਾਲਾ

### ਨਗਰ ਨਿਗਮ ਦੇ ਖਾਤਿਆਂ ਵਿੱਚੋਂ ਹੋਈ ਹੇਰਾਫੇਰੀ; ਵਿਜੀਲੈਂਸ ਵੱਲੋਂ ਮਾਮਲੇ ਦੀ ਜਾਂਚ ਤੇਜ਼

ਚੰਡੀਗੜ੍ਹ, 25 ਮਾਰਚ (ਚ. ਨ. ਸ.): ਪੰਚਕੂਲਾ ਨਗਰ ਨਿਗਮ ਦੇ ਖਾਤਿਆਂ ਵਿੱਚੋਂ 150 ਕਰੋੜ ਰੁਪਏ ਦੇ ਕਥਿਤ ਘੁਟਾਲੇ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਕੋਟਕ ਮਹਿੰਦਰਾ ਬੈਂਕ ਨੇ ਪੰਚਕੂਲਾ ਪੁਲਿਸ ਕੋਲ ਰਸਮੀ ਸ਼ਿਕਾਇਤ ਦਰਜ ਕਰਵਾਈ ਹੈ। ਸੈਕਟਰ 11 ਸਥਿਤ ਬੈਂਕ ਦੀ ਸ਼ਾਖਾ ਵਿੱਚ ਨਗਰ ਨਿਗਮ ਦੇ ਫਿਕਸਡ ਡਿਪਾਜ਼ਿਟ (FD) ਅਤੇ ਲਿੰਕਡ ਖਾਤਿਆਂ ਵਿੱਚ ਹੋਈ ਇਸ ਗੜਬੜੀ ਨੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਹੜਕੰਪ ਮਚਾ ਦਿੱਤਾ ਹੈ। ਹਾਲਾਂਕਿ, ਸੂਤਰਾਂ ਅਨੁਸਾਰ ਪੁਲਿਸ ਬੈਂਕ ਦੀ ਸ਼ਿਕਾਇਤ 'ਤੇ ਕਾਰਵਾਈ ਕਰਨ ਤੋਂ ਗੁਰੇਜ਼ ਕਰ ਸਕਦੀ ਹੈ, ਕਿਉਂਕਿ ਹਰਿਆਣਾ ਸਟੇਟ ਵਿਜੀਲੈਂਸ ਅਤੇ ਐਂਟੀ-ਕਰੱਪਸ਼ਨ ਬਿਊਰੋ ਪਹਿਲਾਂ ਹੀ ਇਸ ਦੀ ਜਾਂਚ ਕਰ ਰਿਹਾ ਹੈ।




ਹਰਿਆਣਾ ਸਰਕਾਰ ਲਈ ਇਹ ਦੂਜਾ ਵੱਡਾ ਬੈਂਕਿੰਗ ਝਟਕਾ ਹੈ। ਇਸ ਤੋਂ ਪਹਿਲਾਂ IDFC ਫਸਟ ਅਤੇ AU ਸਮਾਲ ਫਾਈਨਾਂਸ ਬੈਂਕ ਵਿੱਚ 590 ਕਰੋੜ ਰੁਪਏ ਦਾ ਘੁਟਾਲਾ ਸਾਹਮਣੇ ਆ ਚੁੱਕਾ ਹੈ। ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ, ਜੋ ਵਿਜੀਲੈਂਸ ਵਿਭਾਗ ਦੇ ਮੁਖੀ ਵੀ ਹਨ, ਨੇ 24 ਮਾਰਚ ਨੂੰ ਵਿਜੀਲੈਂਸ ਬਿਊਰੋ ਨੂੰ ਪੱਤਰ ਲਿਖ ਕੇ ਮਾਮਲਾ ਦਰਜ ਕਰਨ ਅਤੇ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ।

ਦੂਜੇ ਪਾਸੇ, ਕੋਟਕ ਮਹਿੰਦਰਾ ਬੈਂਕ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਨਗਰ ਨਿਗਮ ਦੇ ਨਿਰਦੇਸ਼ਾਂ 'ਤੇ ਖਾਤਿਆਂ ਦੀ ਬਾਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ। ਬੈਂਕ ਦਾ ਦਾਅਵਾ ਹੈ ਕਿ ਹੁਣ ਤੱਕ ਦੇ ਰਿਕਾਰਡ ਅਨੁਸਾਰ ਕੇਵਾਈਸੀ (KYC) ਅਤੇ ਲੈਣ-ਦੇਣ ਦੀ ਪ੍ਰਕਿਰਿਆ ਨਿਯਮਾਂ ਅਨੁਸਾਰ ਹੀ ਸੀ। ਬੈਂਕ ਨੇ ਸਪੱਸ਼ਟ ਕੀਤਾ ਕਿ ਉਹ ਜਾਂਚ ਏਜੰਸੀਆਂ ਅਤੇ ਸਰਕਾਰ ਨੂੰ ਪੂਰਾ ਸਹਿਯੋਗ ਦੇ ਰਿਹਾ ਹੈ ਤਾਂ ਜੋ ਇਸ ਮਾਮਲੇ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਹੋ ਸਕੇ। ਇਸ ਘੁਟਾਲੇ ਨੇ ਨਗਰ ਨਿਗਮ ਦੇ ਫੰਡਾਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

## 1 ਸਾਲਾ ਮਾਸੂਮ ਬੱਚੀ ਲਈ ਵਰਦਾਨ ਸਾਬਤ ਹੋਈ 'ਮੁੱਖ ਮੰਤਰੀ ਸਿਹਤ ਯੋਜਨਾ': ਡਾ. ਬਲਬੀਰ ਸਿੰਘ

ਚੰਡੀਗੜ੍ਹ, 25 ਮਾਰਚ (ਚ. ਨ. ਸ.): ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਇਲਾਜ ਕਰਵਾਉਣ ਵਾਲੇ ਨਵਜੰਮੇ ਬੱਚਿਆਂ ਅਤੇ ਛੋਟੇ ਬੱਚਿਆਂ ਦੀ ਵਧਦੀ ਗਿਣਤੀ ਦੇ ਨਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਨਾਜ਼ੁਕ ਸਮੇਂ ਦੌਰਾਨ ਡਾਕਟਰੀ ਸਹਾਇਤਾ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋਵੇ। ਸ੍ਰੀ ਮੁਕਤਸਰ ਸਾਹਿਬ ਵਿੱਚ, 1 ਸਾਲ ਦੀ ਬੱਚੀ ਖਵਾਇਸ਼ ਨੂੰ ਨਿਮੋਨੀਆ ਹੋਣ ਕਾਰਨ ਦਾਖ਼ਲ ਕਰਵਾਇਆ ਗਿਆ ਸੀ, ਜਿਸ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਸੀ। ਪਹਿਲਾਂ ਅਜਿਹੇ ਕਈ ਮਾਮਲਿਆਂ ਵਿੱਚ, ਪਰਿਵਾਰਾਂ ਨੂੰ ਇਲਾਜ ਸ਼ੁਰੂ ਹੋਣ ਤੋਂ ਪਹਿਲਾਂ ਫੰਡਾਂ ਦਾ ਪ੍ਰਬੰਧ ਕਰਨਾ, ਦਸਤਾਵੇਜ਼ ਪੂਰੇ ਕਰਨੇ ਜਾਂ ਮਨਜ਼ੂਰੀਆਂ ਦੀ ਉਡੀਕ ਕਰਨੀ ਪੈਂਦੀ ਸੀ। ਹਾਲਾਂਕਿ, ਮੁੱਖ ਮੰਤਰੀ ਸਿਹਤ ਯੋਜਨਾ ਦੇ ਤਹਿਤ ਇਹ ਪਾੜਾ ਖ਼ਤਮ ਕਰ ਦਿੱਤਾ ਗਿਆ ਹੈ। ਸਿਹਤ ਕਾਰਡ ਪਹਿਲਾਂ ਹੀ ਬਣਿਆ ਹੋਣ ਕਾਰਨ, ਦੀਪ ਹਸਪਤਾਲ ਵਿੱਚ ਡਾ. ਮੋਨਿਕਾ ਗਰਗ ਦੀ ਨਿਗਰਾਨੀ ਹੇਠ ਬਿਨਾਂ ਕਿਸੇ ਅਗਾਊਂ ਅਦਾਇਗੀ ਦੇ ਤੁਰੰਤ ਇਲਾਜ ਸ਼ੁਰੂ ਕਰ ਦਿੱਤਾ ਗਿਆ। ਪਰਿਵਾਰ ਨੂੰ ਪੈਸਿਆਂ ਦਾ ਪ੍ਰਬੰਧ ਨਹੀਂ ਕਰਨਾ ਪਿਆ ਅਤੇ ਨਾ ਹੀ ਵੈਰੀਫਿਕੇਸ਼ਨ ਦੇ ਪੜਾਵਾਂ ਵਿੱਚੋਂ ਗੁਜ਼ਰਨਾ ਪਿਆ, ਜਿਸ ਨਾਲ ਡਾਕਟਰਾਂ ਨੂੰ ਨਾਜ਼ੁਕ ਸਮੇਂ 'ਤੇ ਇਲਾਜ ਸ਼ੁਰੂ ਕਰਨ ਵਿੱਚ ਮਦਦ ਮਿਲੀ। ਛੋਟੇ ਬੱਚਿਆਂ ਦੇ ਮਾਮਲਿਆਂ ਵਿੱਚ, ਥੋੜ੍ਹੀ ਜਿਹੀ ਦੇਰੀ ਵੀ ਪੇਚੀਦਗੀਆਂ ਪੈਦਾ ਕਰ ਸਕਦੀ ਹੈ, ਪਰ ਇਲਾਜ ਤੱਕ ਤੁਰੰਤ ਪਹੁੰਚ ਨੇ ਇਹ ਯਕੀਨੀ ਬਣਾਇਆ ਕਿ ਬੱਚੀ ਨੂੰ ਸਮੇਂ ਸਿਰ ਦੇਖਭਾਲ ਮਿਲੀ ਅਤੇ ਉਹ ਸੁਰੱਖਿਅਤ ਰੂਪ ਵਿੱਚ ਤੰਦਰੁਸਤ ਹੋ ਗਈ।



ਇਸੇ ਤਰ੍ਹਾਂ ਦੇ ਮਾਮਲੇ ਸੰਗਰੂਰ ਅਤੇ ਮਾਨਸਾ ਵਰਗੇ ਜ਼ਿਲ੍ਹਿਆਂ ਤੋਂ ਵੀ ਸਾਹਮਣੇ ਆਏ, ਜਿੱਥੇ ਘੱਟ ਭਾਰ ਅਤੇ ਹੋਰ ਗੰਭੀਰ ਸਥਿਤੀਆਂ ਦੇ ਇਲਾਜ ਸਮੇਤ ਵਿਸ਼ੇਸ਼ ਦੇਖਭਾਲ ਦੀ ਲੋੜ ਵਾਲੇ ਨਵਜੰਮੇ ਬੱਚਿਆਂ ਨੂੰ ਬਿਨਾਂ ਕਿਸੇ ਵਿੱਤੀ ਰੁਕਾਵਟ ਦੇ, ਯੋਜਨਾ ਤਹਿਤ ਡਾਕਟਰੀ ਸਹਾਇਤਾ ਮਿਲ ਰਹੀ ਹੈ। ਅਜਿਹੇ ਮਾਮਲਿਆਂ ਦੀ ਵਧਦੀ ਗਿਣਤੀ ਦਰਸਾਉਂਦੀ ਹੈ ਕਿ ਪੂਰੇ ਪੰਜਾਬ ਵਿੱਚ ਪਰਿਵਾਰਾਂ ਲਈ ਇਲਾਜ ਤੱਕ ਪਹੁੰਚ ਕਿੰਨੀ ਤੇਜ਼ ਅਤੇ ਸੁਖਾਲੀ ਹੋ ਰਹੀ ਹੈ। ਯੋਜਨਾ ਦੇ ਪ੍ਰਭਾਵ 'ਤੇ ਚਾਨਣਾ ਪਾਉਂਦੇ ਹੋਏ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੁੱਖ ਮੰਤਰੀ ਸਿਹਤ ਯੋਜਨਾ ਇਹ ਯਕੀਨੀ ਬਣਾਉਂਦੀ ਹੈ ਕਿ ਵਿੱਤੀ ਜਾਂ ਪ੍ਰਬੰਧਕੀ ਅੜਚਨਾਂ ਕਾਰਨ ਇਲਾਜ ਵਿੱਚ ਦੇਰੀ ਨਾ ਹੋਵੇ। ਇਸ ਤਰ੍ਹਾਂ ਦੇ ਮਾਮਲਿਆਂ ਵਿੱਚ, ਜਿੱਥੇ ਇੱਕ ਛੋਟੇ ਬੱਚੇ ਨੂੰ ਤੁਰੰਤ ਦੇਖਭਾਲ ਦੀ ਲੋੜ ਸੀ, ਉੱਥੇ ਥੋੜ੍ਹੀ ਜਿਹੀ ਦੇਰੀ ਦੇ ਵੀ ਗੰਭੀਰ ਨਤੀਜੇ ਨਿਕਲ ਸਕਦੇ ਹਨ। ਇਹ ਯੋਜਨਾ ਉਸ ਖ਼ਤਰੇ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੰਦੀ ਹੈ।

## 15 ਸਾਲਾ ਨਾਬਾਲਗ ਨਾਲ ਸਮੂਹਿਕ ਬਲਾਤਕਾਰ ਦੇ ਮਾਮਲੇ 'ਚ ਚਾਰ ਗ੍ਰਿਫ਼ਤਾਰ

### ਜਮਾਤੀ ਹੀ ਨਿਕਲਿਆ ਮੁੱਖ ਮੁਲਜ਼ਮ

ਮੋਹਾਲੀ, 25 ਮਾਰਚ (ਚ. ਨ. ਸ.): ਮੁੱਲਾਂਪੁਰ ਪੁਲਿਸ ਨੇ ਇੱਕ 15 ਸਾਲਾ ਨਾਬਾਲਗ ਲੜਕੀ ਨਾਲ ਕਈ ਦਿਨਾਂ ਤੱਕ ਜਬਰ-ਜ਼ਨਾਹ ਕਰਨ, ਕੁੱਟਮਾਰ ਕਰਨ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿੱਚ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਤਿੰਨ ਨਾਬਾਲਗ ਸ਼ਾਮਲ ਹਨ। ਪੁਲਿਸ ਅਨੁਸਾਰ ਇਸ ਘਿਨਾਉਣੇ ਅਪਰਾਧ ਦਾ ਮੁੱਖ ਮੁਲਜ਼ਮ ਪੀੜਤਾ ਦਾ ਜਮਾਤੀ ਹੈ, ਜਦਕਿ ਬਾਕੀ ਤਿੰਨ ਉਸਦੇ ਜਾਣਕਾਰ ਸਨ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਲੜਕੀ ਨੂੰ ਅਕਸਰ ਸੁਨਸਾਨ ਥਾਵਾਂ 'ਤੇ ਲੈ ਜਾਂਦੇ ਸਨ, ਜਿੱਥੇ ਉਨ੍ਹਾਂ ਨੇ ਕਈ ਵਾਰ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਮੁਲਜ਼ਮਾਂ ਨੇ ਪੀੜਤਾ ਦੀ ਇੱਕ ਇਤਰਾਜ਼ਯੋਗ ਵੀਡੀਓ ਵੀ ਬਣਾ ਲਈ ਸੀ ਅਤੇ ਉਸ ਨੂੰ ਕਿਸੇ ਨੂੰ ਕੁਝ ਵੀ ਦੱਸਣ 'ਤੇ ਗੰਭੀਰ ਨਤੀਜੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ ਸਨ। ਡਰ ਕਾਰਨ ਲੜਕੀ ਕਈ ਦਿਨਾਂ ਤੱਕ ਚੁੱਪ ਰਹੀ, ਪਰ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਮੁਲਜ਼ਮਾਂ ਵਿੱਚੋਂ ਇੱਕ ਨੇ ਗੁੱਸੇ ਵਿੱਚ ਆ ਕੇ ਉਹ ਵੀਡੀਓ ਇੱਕ ਨਿੱਜੀ ਸੋਸ਼ਲ ਮੀਡੀਆ ਗਰੁੱਪ ਵਿੱਚ ਅਪਲੋਡ ਕਰ ਦਿੱਤੀ। ਬਦਨਾਮੀ ਦੇ ਡਰ ਅਤੇ ਪਰੇਸ਼ਾਨੀ ਕਾਰਨ ਪੀੜਤਾ ਨੇ ਅੰਤ ਵਿੱਚ ਆਪਣੇ ਮਾਪਿਆਂ ਨੂੰ ਸਾਰੀ ਹੱਡਬੀਤੀ ਸੁਣਾਈ, ਜਿਨ੍ਹਾਂ ਨੇ ਤੁਰੰਤ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਅਧਿਕਾਰੀਆਂ ਨੇ ਦੱਸਿਆ ਕਿ ਸ਼ਿਕਾਇਤ ਮਿਲਣ ਦੇ ਕੁਝ ਹੀ ਘੰਟਿਆਂ ਦੇ ਅੰਦਰ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਚਾਰੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਤਿੰਨ ਨਾਬਾਲਗ ਹਨ, ਜਦਕਿ ਚੌਥਾ ਮੁਲਜ਼ਮ 20 ਸਾਲ ਦਾ ਹੈ। ਪੁਲਿਸ ਮੁਤਾਬਕ ਪੀੜਤਾ ਦਾ ਮੈਡੀਕਲ ਕਰਵਾਇਆ ਗਿਆ ਹੈ ਅਤੇ ਉਸ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

## ਫਾਇਰ ਵਿਭਾਗ ਵੱਲੋਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਤੇ ਵਪਾਰਕ ਅਦਾਰਿਆਂ 'ਚ ਛਾਪੇ

ਚੰਡੀਗੜ੍ਹ, 25 ਮਾਰਚ (ਚ. ਨ. ਸ.): ਚੰਡੀਗੜ੍ਹ ਨਗਰ ਨਿਗਮ ਦੇ ਫਾਇਰ ਵਿਭਾਗ ਵੱਲੋਂ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇੱਕ ਫੈਸਲਾਕੁਨ ਕਦਮ ਚੁੱਕਦੇ ਹੋਏ ਸੈਕਟਰ 34 ਵਿੱਚ ਪ੍ਰਮੁੱਖ ਵਿਦਿਅਕ ਸੰਸਥਾਵਾਂ ਅਤੇ ਵਪਾਰਕ ਅਦਾਰਿਆਂ ਵਿੱਚ ਸੰਯੁਕਤ ਕਮਿਸ਼ਨਰ-ਕਮ-ਮੁੱਖ ਫਾਇਰ ਅਫਸਰ ਡਾ. ਇੰਦਰਜੀਤ ਦੀ ਅਗਵਾਈ ਹੇਠ ਵਿਆਪਕ ਅੱਗ ਸੁਰੱਖਿਆ ਨਿਰੀਖਣ ਮੁਹਿੰਮ ਚਲਾਈ ਗਈ। ਸੀਨੀਅਰ ਫਾਇਰ ਅਧਿਕਾਰੀਆਂ, ਖੇਤਰ ਫਾਇਰ ਕਰਮਚਾਰੀਆਂ ਅਤੇ ਸਬੰਧਤ ਵਿਭਾਗੀ ਅਧਿਕਾਰੀਆਂ ਦੀ ਸ਼ਮੂਲੀਅਤ ਵਾਲੀ ਨਿਰੀਖਣ ਟੀਮ ਨੇ ਯੂਨਾਕੈਡਮੀ, ਆਕਾਸ਼ ਇੰਸਟੀਚਿਊਟ, ਸ੍ਰੀ ਚੈਤੰਨਿਆ, ਨਾਰਾਇਣ ਇੰਸਟੀਚਿਊਟ, ਐਲਨ ਇੰਸਟੀਚਿਊਟ ਅਤੇ ਪਿਕਾਡਲੀ ਥੀਏਟਰ ਆਦਿ ਸਮੇਤ ਪ੍ਰਮੁੱਖ ਅਦਾਰਿਆਂ ਵਿੱਚ ਅੱਗ ਦੀ ਤਿਆਰੀ ਦੀ ਵਿਆਪਕ ਸਮੀਖਿਆ ਕੀਤੀ। ਇਹ ਮੁਹਿੰਮ ਨਿਰਧਾਰਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਅੱਗ ਸੁਰੱਖਿਆ ਮਾਪਦੰਡਾਂ 'ਤੇ ਕੇਂਦ੍ਰਿਤ ਸੀ। ਨਿਰੀਖਣ ਕੀਤੇ ਗਏ ਮੁੱਖ ਪਹਿਲੂਆਂ ਵਿੱਚ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਕਾਰਜਸ਼ੀਲਤਾ, ਅੱਗ ਖੋਜ ਪ੍ਰਣਾਲੀਆਂ ਦੀ ਕਾਰਗੁਜ਼ਾਰੀ, ਅੱਗ ਨਿਕਾਸ ਦੇ ਰਸਤੇ ਦੀ ਪਹੁੰਚ, ਪ੍ਰਵੇਸ਼ ਅਤੇ ਨਿਕਾਸ ਦੇ ਸੰਕੇਤਾਂ ਦੀ ਦਿੱਖ ਅਤੇ ਬਿਜਲੀ ਦੀਆਂ ਤਾਰਾਂ ਦੀ ਸਥਿਤੀ ਸ਼ਾਮਲ ਸੀ। ਜਾਂਚ ਦੌਰਾਨ ਕਈ ਇਮਾਰਤਾਂ ਵਿੱਚ ਅੱਗ ਖੋਜ ਸੈਂਸਰ ਕਾਰਜਸ਼ੀਲ ਨਹੀਂ ਸਨ, ਅੱਗ ਲੱਗਣ ਦੀ ਹਾਲਤ ਵਿੱਚ ਬਾਹਰ ਨਿਕਲਣ ਦੇ ਰਸਤਿਆਂ ਵਿੱਚ ਰੁਕਾਵਟ, ਨੁਕਸਦਾਰ ਅਤੇ ਸੰਭਾਵੀ ਤੌਰ 'ਤੇ ਖਤਰਨਾਕ ਬਿਜਲੀ ਦੀਆਂ ਤਾਰਾਂ, ਇਮਾਰਤ ਵਿੱਚ ਜਲਣਸ਼ੀਲ ਵਸਤੂਆਂ ਦਾ ਸਟਾਕ ਅਦਿ ਕਈ ਖਾਮੀਆਂ ਪਾਈਆਂ ਗਈਆਂ। ਉਲੰਘਣਾਵਾਂ ਦਾ ਤੁਰੰਤ ਨੋਟਿਸ ਲੈਂਦੇ ਹੋਏ ਅੱਗ ਅਤੇ ਬਚਾਅ ਸੇਵਾਵਾਂ ਵਿਭਾਗ ਨੇ ਸਬੰਧਤ ਸੰਸਥਾਵਾਂ ਅਤੇ ਪ੍ਰਬੰਧਕਾਂ ਨੂੰ ਮੌਕੇ 'ਤੇ ਚਿਤਾਵਨੀਆਂ ਜਾਰੀ ਕੀਤੀਆਂ। ਇਸ ਦੌਰਾਨ ਬਿਨਾਂ ਕਿਸੇ ਦੇਰੀ ਦੇ ਸਾਰੀਆਂ ਕਮੀਆਂ ਨੂੰ ਦੂਰ ਕਰਨ ਅਤੇ ਅੱਗ ਸੁਰੱਖਿਆ ਨਿਯਮਾਂ ਦੀ ਪੂਰੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ। ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਜਨਤਕ ਸੁਰੱਖਿਆ ਦੇ ਮਾਮਲੇ ਵਿੱਚ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ



# ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਪਿੱਪਲੀ 'ਚ ਕਿਸਾਨਾਂ ਨੇ ਕੀਤੀ ਜਨਕ੍ਰਾਂਤੀ ਰੈਲੀ



ਰਾਜਪੁਰਾ, 25 ਮਾਰਚ (ਸੰਜੀਵ ਕੁਮਾਰ/ਮਦਨ ਲਾਲ) : ਸ਼ਹੀਦ ਸ. ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਭਾਰਤੀ ਕਿਸਾਨ ਯੂਨੀਅਨ ਚੜੂਨੀ ਵੱਲੋਂ ਕੁਰੂਕਸ਼ੇਤਰ ਦੇ ਪਿੱਪਲੀ ਅਨਾਜ ਮੰਡੀ ਵਿੱਚ ਵੱਡੀ ਜਨਕ੍ਰਾਂਤੀ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਸ਼ਾਮਲ ਹੋਣ ਲਈ ਪੰਜਾਬ ਭਰ ਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਵੱਡੇ ਕਾਫਲੇ ਪਹੁੰਚੇ। ਰਾਜਪੁਰਾ ਦਫਤਰ ਵਿਖੇ ਵੀ ਵੱਡਾ ਇਕੱਠ ਕੀਤਾ ਗਿਆ, ਜਿੱਥੇ ਆਏ ਹੋਏ ਲੋਕਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਆਕੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੀਤੀ ਗਈ ਭਾਰਤ-ਅਮਰੀਕਾ ਟਰੇਡ ਡੀਲ ਕਿਸਾਨਾਂ ਦੇ ਹਿੱਤਾਂ ਦੇ ਖਿਲਾਫ ਹੈ ਅਤੇ ਜਥੇਬੰਦੀ ਇਸਨੂੰ ਰੱਦ ਕਰਵਾਉਣ ਲਈ ਸੰਘਰਸ਼ ਕਰੇਗੀ। ਰਾਜਪੁਰਾ ਤੋਂ ਲਗਭਗ 500 ਗੱਡੀਆਂ ਅਤੇ 10 ਬੱਸਾਂ ਦਾ ਵੱਡਾ ਕਾਫਲਾ ਪਿੱਪਲੀ ਵੱਲ ਰਵਾਨਾ ਹੋਇਆ, ਜਿਸਦੀ ਅਗਵਾਈ ਖੁੱਲ੍ਹੀ ਜੀਪ ਵਿੱਚ ਬੈਠੇ ਕਿਸਾਨ ਆਗੂਆਂ ਨੇ ਕੀਤੀ। ਰੈਲੀ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ। ਰੈਲੀ ਦੌਰਾਨ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ, ਬਿਜਲੀ ਸੋਧ ਬਿੱਲ ਵਾਪਸੀ ਅਤੇ ਧਾਨ ਘੋਟਾਲੇ ਦੀ ਜਾਂਚ ਵਰਗੀਆਂ ਮੁੱਖ ਮੰਗਾਂ ਉਠਾਈਆਂ ਗਈਆਂ। ਆਗੂਆਂ ਨੇ ਦਸਿਆ ਕਿ ਡਿਪਟੀ ਕਮਿਸ਼ਨਰ ਕੁਰੂਕਸ਼ੇਤਰ ਨੇ ਯੂਨੀਅਨ ਦਾ ਮੰਗ ਪੱਤਰ ਪ੍ਰਾਪਤ ਕੀਤਾ ਅਤੇ 2 ਅਪ੍ਰੈਲ ਨੂੰ ਚੰਡੀਗੜ੍ਹ ਵਿੱਚ ਮੀਟਿੰਗ ਲਈ ਸੱਦਾ ਦਿੱਤਾ ਗਿਆ ਇਸ ਮੌਕੇ 'ਤੇ ਅਮਰੀਕ ਸਿੰਘ, ਹਰਿੰਦਰ ਸਿੰਘ, ਧਰਮਿੰਦਰ ਸਿੰਘ, ਨਿਰਮਲ ਸਿੰਘ, ਸਤਵਿੰਦਰ ਸਿੰਘ, ਸੁਖਦੇਵ ਸਿੰਘ, ਅਵਤਾਰ ਸਿੰਘ, ਗੁਰਦੀਪ ਸਿੰਘ, ਦਿੱਪਾ ਸਿੰਘ, ਗੁਰਵਿੰਦਰ ਸਿੰਘ, ਗੁਰਜੀਤ ਸਿੰਘ, ਜਰਨੈਲ ਸਿੰਘ, ਗੁਰਮੁਖ ਸਿੰਘ, ਗਾਂਧੀ, ਸੁਖਵਿੰਦਰ ਨਿੱਕਾ, ਹਰਨੈਲ ਸਿੰਘ, ਅਜੈਬ ਸਿੰਘ, ਸਾਧੂ ਖਾਨ, ਭੁਪਿੰਦਰ ਸਿੰਘ, ਗੁਰਜੀਤ ਸਿੰਘ, ਗੁਰਜੰਟ ਸਿੰਘ, ਹਰਿੰਦਰ ਰਤਨ ਗੜ, ਨਿਰਭੈ ਸਿੰਘ ਆਕੜ, ਸੇਵਾ ਸਿੰਘ, ਹਰਦੀਪ ਸਿੰਘ, ਮੌਜੂਦ ਸਨ ।

# ਅਨਾਊਂਸਮੈਂਟ ਦੇ ਬਾਵਜੂਦ ਦੁਕਾਨਦਾਰਾਂ ਵੱਲੋਂ ਨਿਯਮਾਂ ਦੀ ਉਲੰਘਣਾ ਜਾਰੀ

ਡੇਰਾਬੱਸੀ, 25 ਮਾਰਚ (ਮਨਦੀਪ ਵਰਮਾ/ਯੋਗੇਸ਼ ਰਾਣਾ) : ਸ਼ਹਿਰ ਦੇ ਰਾਮਲੀਲਾ ਗਰਾਊਂਡ ਇਲਾਕੇ ਵਿੱਚ ਦੁਕਾਨਦਾਰਾਂ ਵੱਲੋਂ ਨਗਰ ਕੌਂਸਲ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਜਾਣਕਾਰੀ ਮੁਤਾਬਕ ਕਈ ਦੁਕਾਨਦਾਰ ਆਪਣੀਆਂ ਦੁਕਾਨਾਂ ਦੇ ਅੱਗੇ ਨਗਰ ਕੌਂਸਲ ਦੀ ਜਗ੍ਹਾ 'ਤੇ ਸਮਾਨ ਰੱਖ ਕੇ ਨਾ ਸਿਰਫ ਕਬਜ਼ਾ ਕਰ ਰਹੇ ਹਨ, ਸਗੋਂ ਨਿਯਮਾਂ ਦੀ ਖੁੱਲ੍ਹੇਆਮ ਉਲੰਘਣਾ ਵੀ ਕਰ ਰਹੇ ਹਨ। ਇਸ ਕਾਰਨ ਇਲਾਕੇ ਵਿੱਚ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਲਾਊਡਸਪੀਕਰ ਰਾਹੀਂ ਅਨਾਊਂਸਮੈਂਟ ਕਰਕੇ ਦੁਕਾਨਦਾਰਾਂ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਉਹ ਆਪਣੀ ਦੁਕਾਨਾਂ ਦੇ ਅੱਗੇ ਨਗਰ ਕੌਂਸਲ ਦੀ ਜਗ੍ਹਾ 'ਤੇ ਸਮਾਨ ਨਾ ਰੱਖਣ। ਅਧਿਕਾਰੀਆਂ ਨੇ ਸਾਫ ਕੀਤਾ ਸੀ ਕਿ ਜੇਕਰ ਨਿਯਮਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਕਾਰਵਾਈ ਕੀਤੀ ਜਾਵੇਗੀ। ਪਰ ਇਸ ਦੇ ਬਾਵਜੂਦ ਵੀ ਕਈ ਦੁਕਾਨਦਾਰਾਂ 'ਤੇ ਇਸਦਾ ਕੋਈ ਅਸਰ ਨਹੀਂ ਦਿਖਾਈ ਦਿੱਤਾ। ਰੋਜ਼ਾਨਾ ਦੀ ਤਰ੍ਹਾਂ ਦੁਕਾਨਾਂ ਦੇ ਅੱਗੇ ਸਮਾਨ ਰੱਖਿਆ ਜਾ ਰਿਹਾ ਹੈ ਅਤੇ ਜਦੋਂ ਗਾਹਕ ਆਉਂਦੇ ਹਨ ਤਾਂ ਉਹ ਆਪਣੀਆਂ ਗੱਡੀਆਂ ਜਾਂ ਐਕਟਿਵਾ ਵੀ ਓਥੇ ਹੀ ਖੜ੍ਹੀਆਂ ਕਰ ਦਿੰਦੇ ਹਨ। ਇਸ ਨਾਲ ਰਸਤਾ ਹੋਰ ਵੀ ਤੰਗ ਹੋ ਜਾਂਦਾ ਹੈ ਅਤੇ ਕਈ ਵਾਰ ਪੈਦਲ ਲੰਘਣਾ ਵੀ ਮੁਸ਼ਕਿਲ ਬਣ ਜਾਂਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਕਾਰਨ ਨਾ ਸਿਰਫ ਟ੍ਰੈਫਿਕ ਜਾਮ ਵਰਗੇ ਹਾਲਾਤ ਬਣਦੇ ਹਨ, ਸਗੋਂ ਕਿਸੇ ਅਣਚਾਹੀ ਘਟਨਾ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਲੋਕਾਂ ਨੇ ਸਵਾਲ ਉਠਾਏ ਹਨ ਕਿ ਆਖਿਰਕਾਰ ਇਹ ਸਭ ਕੁਝ ਨਗਰ ਕੌਂਸਲ ਦੀਆਂ ਅੱਖਾਂ ਦੇ ਸਾਹਮਣੇ ਕਿਵੇਂ ਹੋ ਰਿਹਾ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਦੁਕਾਨਦਾਰ ਨਗਰ ਕੌਂਸਲ ਦੇ ਹੁਕਮਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ, ਜਦਕਿ ਹੋਰਾਂ ਨੇ ਸੰਦੇਹ ਜਤਾਇਆ ਕਿ ਕਿਤੇ ਇਹ ਸਭ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਤਾਂ ਨਹੀਂ ਹੋ ਰਿਹਾ।

# ਕਣਕ ਦੇ ਸੀਜ਼ਨ ਸਬੰਧੀ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨੇ ਕੀਤੀ ਮੀਟਿੰਗ



ਰਾਜਪੁਰਾ, 25 ਮਾਰਚ (ਸੰਜੀਵ ਕੁਮਾਰ): ਅੱਜ ਆੜ੍ਹਤੀ ਐਸੋਸੀਏਸ਼ਨ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ ਦੀ ਅਗਵਾਈ ਹੇਠ ਜ਼ਿਲ੍ਹੇ ਦੀ ਸਮੂਹ ਮੰਡੀ ਪ੍ਰਧਾਨ ਸਾਹਿਬਾਨ ਨੂੰ ਨਾਲ ਲੈ ਕੇ ਡੀ.ਸੀ ਸਾਹਿਬ,ਡੀ.ਐਫ.ਸੀ ਮੈਡਮ ਤੇ ਸਮੂਹ ਏਜੰਸੀ ਦੇ ਡੀ.ਐਮ,ਡੀ.ਐਮ.ਓ, ਐਸ ਡੀ ਐਮ ਪਟਿਆਲਾ, ਸਮਾਨਾ ਤੇ ਰਾਜਪੁਰਾ ਅਤੇ ਹੋਰ ਅਫਸਰ ਸਾਹਿਬਾਨ ਅਤੇ ਲੇਬਰ ਤੇ ਟਰੱਕ ਠੇਕੇਦਾਰਾਂ ਨਾਲ ਆਉਣ ਵਾਲੇ ਕਣਕ ਸੀਜ਼ਨ ਸਬੰਧੀ ਮੀਟਿੰਗ ਕੀਤੀ ਗਈ। ਜਿਸ ਵਿੱਚ ਮੰਡੀਆਂ ਵਿੱਚ ਆਉਂਦੀਆਂ ਮੁਸ਼ਕਿਲਾਂ ਬਾਰੇ ਦੱਸਿਆ ਗਿਆ। ਜਿਸ 'ਤੇ ਡੀ.ਸੀ. ਵਲੋਂ ਆੜ੍ਹਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਨਾ ਆਉਣ ਸਬੰਧੀ ਭਰੋਸਾ ਦਿਵਾਇਆ ਗਿਆ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਵਲੋਂ ਬਾਰਦਾਨਾ ਪੂਰਾ ਕਰਨ ਤੇ ਲਿਫਟਿੰਗ ਸਮੇਂ ਸਿਰ ਕਰਵਾਉਣ ਸਬੰਧੀ ਗੱਲ ਰੱਖੀ ਗਈ ਤੇ ਜ਼ਿਲ੍ਹਾ ਜਨਰਲ ਸਕੱਤਰ ਦੀਪਕ ਡਕਾਲਾ ਵਲੋਂ ਮੰਡੀ ਦੇ ਨੇੜੇ ਅਪਗ੍ਰੇਡ ਕੰਡੇ ਤੇ ਵਜ਼ਨ ਕਰਵਾਉਣ ਸਬੰਧੀ ਗੱਲ ਰੱਖੀ ਤੇ ਟਰੱਕ ਵਾਲਿਆਂ ਵਲੋਂ ਆੜ੍ਹਤੀਆਂ ਦੀ ਕੀਤੀ ਜਾਂਦੀ ਲੁੱਟ ਬਾਰੇ ਦੱਸਿਆ ਗਿਆ। ਮੀਟਿੰਗ ਵਿੱਚ ਮੌਜੂਦ ਸਨ ਇੰਜ. ਸਤਵਿੰਦਰ ਸਿੰਘ ਸੈਣੀ ਪ੍ਰਧਾਨ ਨਵੀਂ ਅਨਾਜ ਮੰਡੀ ਪਟਿਆਲਾ, ਕਰਮਜੀਤ ਸਿੰਘ ਅਲੌਹਾਂ ਪ੍ਰਧਾਨ ਨਾਭਾ ਮੰਡੀ, ਪਵਨ ਸਿੰਗਲਾ ਜ਼ਿਲ੍ਹਾ ਚੇਅਰਮੈਨ, ਮਹੇਸ਼ ਪਹੂਜਾ ਜ਼ਿਲ੍ਹਾ ਕੈਸ਼ੀਅਰ, ਸੁਰਿੰਦਰ ਗੁਪਤਾ ਨਾਭਾ ਵਾਈਸ ਚੇਅਰਮੈਨ, ਪਵਨ ਘਈ ਪ੍ਰਧਾਨ ਲੋਟ ਮੰਡੀ, ਪ੍ਰੀਤੀਪਾਲ ਸਿੰਘ ਪ੍ਰਧਾਨ ਭੁੰਨਰਹੇੜੀ ਮੰਡੀ, ਨਰਿੰਦਰ ਗਰਗ ਪ੍ਰਧਾਨ ਸਮਾਣਾ ਮੰਡੀ, ਰਜਤ ਕਪੂਰ ਪ੍ਰਧਾਨ ਸਨੌਰ ਮੰਡੀ, ਵੇਦ ਗਰਗ ਪ੍ਰਧਾਨ ਦੇਵੀਗੜ੍ਹ ਮੰਡੀ, ਗੁਰਵਿੰਦਰ ਸਿੰਘ ਪ੍ਰਧਾਨ ਮਹਿਮਦਪੁਰ ਮੰਡੀ, ਕਰਮਜੀਤ ਉਭਾ ਸਿੰਘ ਪ੍ਰਧਾਨ ਬਲਬੇੜਾ ਮੰਡੀ, ਸੁਭਾਸ਼ ਬਾਂਗਾਂ ਜ਼ਿਲ੍ਹਾ ਵਾਇਸ ਪ੍ਰਧਾਨ, ਧਰਮਿੰਦਰ ਸਿੰਘ ਸੈਕਟਰੀ ਭੁੰਨਰਹੇੜੀ ਮੰਡੀ, ਅਸ਼ੀਸ਼ ਸਿੰਗਲਾ ਵਾਇਸ ਪ੍ਰਧਾਨ ਭਾਦਸੋਂ ਮੰਡੀ, ਰਮਨ ਵਧਵਾ ਐਗਜੈਕਟਿਵ ਮੈਂਬਰ ਰਾਜਪੁਰਾ ਮੰਡੀ, ਵਿਜੇ ਕੱਕੜ ਰਾਜਪੁਰਾ ਮੰਡੀ ਅਤੇ ਸਮੂਹ ਮੈਂਬਰ ਮੌਜੂਦ ਸਨ।

# ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਨੇ ਰਾਸ਼ਟਰੀ ਵਿਗਿਆਨ ਦਿਵਸ ਉਤਸ਼ਾਹ ਨਾਲ ਮਨਾਇਆ

ਰਾਜਪੁਰਾ, 25 ਮਾਰਚ (ਸੰਜੀਵ ਕੁਮਾਰ): ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਨੇ ਹਾਲ ਹੀ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਦਾ ਇੱਕ ਜੀਵੰਤ ਜਸ਼ਨ ਮਨਾਇਆ, ਜਿਸ ਵਿੱਚ ਨੌਜਵਾਨਾਂ ਵਿੱਚ ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮੁਕਾਬਲੇ ਵਾਲੀਆਂ ਘਟਨਾਵਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ ਗਿਆ। ਡਾ. ਦਲਵੀਰ, ਡਾ. ਨੀਰਜ ਬਾਲਾ, ਡਾ. ਰਜਨੀ, ਡਾ. ਜਸਨੀਤ, ਪ੍ਰੋ. ਸੀਮੀਆ ਅਤੇ ਡਾ. ਤਰੰਗ ਦੇ ਸਾਂਝੇ ਯਤਨਾਂ ਦੁਆਰਾ ਆਯੋਜਿਤ, ਇਸ ਸਮਾਗਮ ਵਿੱਚ ਵੱਖ-ਵੱਖ ਅਕਾਦਮਿਕ ਵਿਸ਼ਿਆਂ ਦੇ ਲਗਭਗ 100 ਵਿਦਿਆਰਥੀਆਂ ਨੇ ਉਤਸ਼ਾਹਜਨਕ ਭਾਗੀਦਾਰੀ ਦੇਖੀ। ਕਾਲਜ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ, ਜਿਨ੍ਹਾਂ ਦਾ ਸਵਾਗਤ ਮਾਣਯੋਗ ਪ੍ਰਬੰਧਕ ਮੈਂਬਰ ਸ੍ਰੀ ਪੀ.ਕੇ. ਕੋਮਲੇਸ਼, ਪਟੇਲ ਮੈਮੋਰੀਅਲ ਮੈਨੇਜਮੈਂਟ ਸੁਸਾਇਟੀ, ਰਾਜਪੁਰਾ ਦੇ ਮੈਂਬਰ ਨੇ ਕੀਤਾ। ਇਸ ਸਮਾਗਮ ਦੌਰਾਨ, ਡਾ. ਗਾਂਧੀ ਨੇ ਇੱਕ ਪ੍ਰੇਰਣਾਦਾਇਕ ਭਾਸ਼ਣ ਦਿੱਤਾ, ਜਿਸ ਵਿੱਚ ਵਿਦਿਆਰਥੀਆਂ ਨੂੰ ਅਨੁਸ਼ਾਸਿਤ ਰਹਿਣ ਅਤੇ ਆਪਣੀਆਂ ਅਕਾਦਮਿਕ ਯਾਤਰਾਵਾਂ 'ਤੇ ਕੇਂਦ੍ਰਿਤ ਰਹਿਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਦਿਨ ਤਿੰਨ ਮੁੱਖ ਮੁਕਾਬਲੇ ਹੋਏ, ਜਿਨ੍ਹਾਂ ਦੇ ਨਤੀਜੇ ਇਹ ਸਨ: ਲੋਗਨ ਰਾਈਟਿੰਗ: ਡਾ. ਜਸਨੀਤ ਅਤੇ ਡਾ. ਤਰੰਗ ਦੁਆਰਾ ਨਿਰਣਾ ਕੀਤਾ ਗਿਆ, ਪਹਿਲਾ ਸਥਾਨ ਹਰਨੂਰ (ਬੀਐਸਸੀ ਤੀਜਾ) ਨੂੰ ਦਿੱਤਾ ਗਿਆ ਅਤੇ ਮਨਿਆਦੀਪ (ਬੀਐਸਸੀ ਪਹਿਲਾ) ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜਸ਼ਨਪ੍ਰੀਤ ਕੌਰ (ਬੀਐਸਸੀ ਪਹਿਲਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪੋਸਟਰ ਮੇਕਿੰਗ: ਡਾ. ਨੀਰਜ ਬਾਲਾ ਅਤੇ ਡਾ. ਰਜਨੀ ਦੁਆਰਾ ਨਿਰਣਾ ਕੀਤਾ ਗਿਆ, ਸ਼ਵੇਤਾ (ਬੀਐਸਸੀ ਪਹਿਲਾ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਦੂਜਾ ਸਥਾਨ ਕਾਜਲ ਅਤੇ ਜਗਮਨ (ਬੀਐਸਸੀ ਤੀਜਾ) ਨੂੰ ਮਿਲਿਆ, ਜਦੋਂ ਕਿ ਕ੍ਰਿਤਿਕਾ (ਬੀਐਸਸੀ ਦੂਜਾ) ਅਤੇ ਸਾਕਸ਼ੀ (ਬੀਐਸਸੀ ਪਹਿਲਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਵਿਗਿਆਨਿਕ ਰੰਗੋਲੀ: ਡਾ. ਦਲਵੀਰ ਅਤੇ ਪ੍ਰੋਫੈਸਰ ਸੀਮੀਆ ਦੁਆਰਾ ਨਿਰਣਾ ਕੀਤਾ ਗਿਆ, ਸਾਨਵੀ, ਮਨੀਆ ਅਤੇ ਸਾਕਸ਼ੀ (ਬੀਐਸਸੀ ਪਹਿਲਾ) ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਉਨ੍ਹਾਂ ਤੋਂ ਬਾਅਦ ਹਰਸ਼, ਸ਼ਵੇਤਾ ਅਤੇ ਸਨੇਹਾ (ਬੀਐਸਸੀ ਪਹਿਲਾ) ਦੂਜੇ ਸਥਾਨ 'ਤੇ, ਅਤੇ ਕਨਿਕਾ ਅਤੇ ਸੁਮਨ (ਬੀਐਸਸੀ ਪਹਿਲਾ) ਤੀਜੇ ਸਥਾਨ 'ਤੇ ਰਹੀਆਂ। ਇਸ ਸਮਾਗਮ ਦਾ ਆਯੋਜਨ ਇੱਕ ਨਾਮਵਰ ਫੈਕਲਟੀ ਦੀ ਮੌਜੂਦਗੀ ਦੁਆਰਾ ਕੀਤਾ ਗਿਆ, ਡਾ. ਵੰਦਨਾ ਗੁਪਤਾ, ਡਾ.ਜੈਦੀਪ ਸਿੰਘ, ਡਾ.ਸ਼ੇਰ ਸਿੰਘ, ਡਾ.ਐਸ.ਐਸ.ਰਾਣਾ, ਡਾ.ਹਿਨਾ ਗੁਪਤਾ, ਪ੍ਰੋ.ਮਨਦੀਪ ਕੌਰ, ਡਾ.ਦੀਪਿਕਾ ਸ਼ਾਰਦਾ ਅਤੇ ਡਾ.ਰਸ਼ਮੀ ਮੌਜੂਦ ਸਨ

# ਡੇਰਾਬੱਸੀ 'ਚ 35 ਹਰੇ-ਭਰੇ ਦਰੱਖਤ ਕਟਵਾਉਣ ਦਾ ਮਾਮਲਾ

## ਜੰਗਲਾਤ ਵਿਭਾਗ ਤੇ ਨੈਸ਼ਨਲ ਹਾਈਵੇ ਅਥਾਰਟੀ ਦੀ ਕਾਰਵਾਈ ਸ਼ੱਕ ਦੇ ਘੇਰੇ 'ਚ

### ☛700 ਰੁਪਏ ਦਿਹਾੜੀ ਲੈਣ ਵਾਲੇ ਮਜ਼ਦੂਰਾਂ ਨੂੰ ਬਣਾਇਆ ਬਲੀ ਦਾ ਬੱਕਰਾ



ਡੇਰਾਬੱਸੀ, 25 ਮਾਰਚ (ਮਨਦੀਪ ਵਰਮਾ/ਯੋਗੇਸ਼ ਰਾਣਾ): ਹਾਈਕੋਰਟ ਦੇ ਹੁਕਮਾਂ ਦੀ ਧੱਜੀਆਂ ਉਡਾਉਂਦੇ ਡੇਰਾਬੱਸੀ ਵਿਖੇ ਮੁੱਖ ਸੜਕ ਕਿਨਾਰੇ ਖੜ੍ਹੇ 3 ਦਰਜਨ ਦੇ ਕਰੀਬ ਹਰੇ ਭਰੇ ਦਰੱਖਤ ਕੱਟਣ ਦੇ ਮਾਮਲੇ ਵਿੱਚ 700 ਰੁਪਏ ਦਿਹਾੜੀ ਲੈਣ ਵਾਲੇ ਮਜ਼ਦੂਰ ਨੂੰ ਬਲੀ ਦਾ ਬਕਰਾ ਬਣਾਇਆ ਗਿਆ ਹੈ। ਇਸ ਮਾਮਲੇ ਵਿੱਚ ਦਰਖਤਾਂ ਦੀ ਰਾਖੀ ਕਰਨ ਵਾਲੇ ਜੰਗਲਾਤ ਵਿਭਾਗ ਡੇਰਾਬੱਸੀ ਨੈਸ਼ਨਲ ਹਾਈਵੇ ਅਥਾਰਟੀ ਮਾਮਲੇ ਨੂੰ ਦਬਾਉਣ ਵਿੱਚ ਲੱਗੀ ਹੋਈ ਹੈ, ਜਿਨ੍ਹਾਂ ਦੀ ਕਾਰਵਾਈ ਸ਼ੱਕ ਦੇ ਘੇਰੇ ਵਿੱਚ ਹੈ। ਵਾਤਾਵਰਨ ਪ੍ਰੇਮੀਆਂ ਨੇ ਪੰਜਾਬ ਸਰਕਾਰ ਤੋਂ ਇਸ ਮਾਮਲੇ ਦੀ ਵਿਜੀਲੈਂਸ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਜੰਗਲਾਤ ਵਿਭਾਗ ਦੀ ਕਾਰਵਾਈ ਸ਼ੱਕੀ: ਜੰਗਲਾਤ ਵਿਭਾਗ ਦੇ ਫੋਰੈਸਟ ਰੇਂਜ ਅਫ਼ਸਰ ਜੈ ਸਿੰਘ ਦੀ ਕਾਰਵਾਈ 'ਤੇ ਸਵਾਲੀਆ ਨਿਸ਼ਾਨ ਲੱਗਦਾ ਹੈ। ਇਹ ਅਧਿਕਾਰੀ ਦਰੱਖਤ ਕੱਟਣ ਦੇ ਮਾਮਲਿਆਂ ਵਿੱਚ ਜਾਣਕਾਰੀ ਦੇਣ ਤੋਂ ਭੱਜਦੇ ਹਨ ਅਤੇ ਅਕਸਰ ਪੱਤਰਕਾਰਾਂ ਦਾ ਫੋਨ ਚੁੱਕਣਾ ਮੁਨਾਸਬ ਨਹੀਂ ਸਮਝਦੇ, ਇਸ ਮਾਮਲੇ ਨੂੰ ਲੈਕੇ ਉਨ੍ਹਾਂ ਨੇ ਦਾਅਵਾ ਕੀਤਾ ਕਿ ਵਿਭਾਗ ਹਸਪਤਾਲ ਸਾਹਮਣੇ ਕਰੀਬ 35 ਦਰਖਤ ਕੱਟਣ ਦੇ ਮਾਮਲੇ ਵਿੱਚ ਜ਼ੁਰਮਾਨਾ ਵਸੂਲ ਕੀਤਾ ਗਿਆ ਹੈ ਉਨ੍ਹਾਂ ਮੁਤਾਬਕ 6 ਦਰਖਤ ਕੱਟਣ ਦੇ ਮਾਮਲੇ ਵਿੱਚ ਤਰਸੇਮ ਸਿੰਘ ਤੋਂ 30 ਹਜ਼ਾਰ ਰੁਪਏ ਅਤੇ 11 ਰੁੱਖ ਕੱਟਣ ਦੇ ਦੋਸ਼ ਹੇਠ ਪਵਨ ਕੁਮਾਰ ਤੋਂ 38 ਹਜ਼ਾਰ ਰੁਪਏ ਜੁਰਮਾਨਾ ਵਸੂਲਿਆ ਗਿਆ ਹੈ। ਇਥੇ ਦੱਸਣਯੋਗ ਹੈ ਕਿ ਪਵਨ ਕੁਮਾਰ ਉਹ ਵਿਅਕਤੀ ਹੈ ਜੋ ਮੌਕੇ 'ਤੇ ਦਰੱਖਤ ਕੱਟ ਰਿਹਾ ਸੀ, ਅਤੇ 700 ਰੁਪਏ ਦਿਹਾੜੀ 'ਤੇ ਕੰਮ ਕਰਨ ਲਈ ਜੰਗਲਾਤ ਵਿਭਾਗ ਦੇ ਗਾਰਡ ਰਘੁਵੀਰ ਸਿੰਘ ਨੇ ਹੀ ਉਨ੍ਹਾਂ ਨੂੰ ਭੇਜਿਆ ਸੀ। ਇਸਦੇ ਸਬੂਤ ਵਜੋਂ ਪੱਤਰਕਾਰਾਂ ਕੋਲ ਰਿਕਾਰਡਿੰਗ ਵੀ ਮੌਜੂਦ ਹੈ। ਹੈਰਾਨੀ ਦੀ ਗੱਲ ਹੈ ਕਿ ਵਿਭਾਗ ਵੱਲੋਂ ਸਰਕਾਰੀ ਕਰਵਾਈ ਦਾ ਢਿੱਡ ਭਰਨ ਲਈ ਦਿਹਾੜੀ ਵਾਲੇ ਮਜ਼ਦੂਰ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ ਜਿਸ ਤੋਂ ਜ਼ੁਰਮਾਨੇ ਦੇ ਪੈਸੇ ਕਿਸ ਨੇ ਭਰੇ ਹਨ। ਜਦਕਿ ਗਾਰਡ ਰਘੁਵੀਰ ਸਿੰਘ ਨੇ ਮੰਨਿਆ ਹੈ ਕਿ ਪਵਨ ਕੁਮਾਰ ਨੂੰ ਦਰੱਖਤ ਕੱਟਣ ਅਤੇ ਮੌਕੇ ਤੋਂ ਚੁੱਕ ਕੇ ਦਰਖ਼ਤ ਭੇਜਣ ਲਈ ਓਹਨਾਂ ਨੇ ਹੀ ਭੇਜਿਆ ਸੀ। ਪਵਨ ਕੁਮਾਰ ਦੇ ਨਾਲ ਉਸਦੇ 3 ਸਾਥੀ ਹੋਰ ਮੌਕੇ 'ਤੇ ਮੌਜੂਦ ਸਨ। ਦੂਜੇ ਪਾਸੇ ਜੈ ਸਿੰਘ ਮੁਤਾਬਕ ਹਾਈਵੇ ਕਿਨਾਰੇ ਲੱਗੇ ਦਰੱਖਤਾਂ ਦੀ ਸਾਂਭ-ਸੰਭਾਲ ਨੈਸ਼ਨਲ ਹਾਈਵੇ ਅਥਾਰਟੀ ਕੋਲ ਹੈ। ਇਥੇ ਦੱਸਣਯੋਗ ਹੈ ਕਿ ਜਿਸ ਥਾਂ ਤੋਂ ਦਿਨ-ਦਿਹਾੜੇ ਦਰੱਖਤ ਕੱਟੇ ਜਾ ਰਹੇ ਸਨ ਉਹ ਟੋਲ ਟੈਕਸ ਦਫ਼ਤਰ ਤੋਂ ਥੋੜ੍ਹੀ ਜਿਹੀ ਦੂਰੀ 'ਤੇ ਹੈ। ਨੈਸ਼ਨਲ ਹਾਈਵੇ ਅਥਾਰਟੀ ਦੀ ਗੱਡੀ ਸਾਰਾ ਦਿਨ ਸੜਕ 'ਤੇ ਘੁੰਮਦੀ ਰਹਿੰਦੀ ਹੈ। ਸੜਕ ਕਿਨਾਰੇ ਹਰੇ ਭਰੇ ਵੱਡੇ-ਵੱਡੇ 35 ਦਰੱਖਤ ਕੱਟਣ ਦਾ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ ਜਾਂ ਫੇਰ ਜਾਣਬੁੱਝ ਕੇ ਅਣਜਾਣ ਬਣੇ ਰਹੇ। ਮੌਕੇ 'ਤੇ ਪਹੁੰਚੇ ਡੇਰਾਬੱਸੀ ਥਾਣਾ ਮੁਖੀ ਸੁਮੀਤ ਮੋਰ ਵੱਲੋਂ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਨੂੰ ਇਸਦੀ ਸੂਚਨਾ ਦਿੱਤੀ ਸੀ। ਮਾਮਲਾ ਉਜਾਗਰ ਹੁੰਦਾ ਵੇਖ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਸੰਤੋਸ਼ ਕੁਮਾਰ ਵਲੋਂ ਡੇਰਾਬੱਸੀ ਥਾਣੇ ਵਿੱਚ 3 ਵਿਅਕਤੀਆਂ ਖ਼ਿਲਾਫ ਨਾਮ ਦਿੰਦੇ ਸ਼ਿਕਾਇਤ ਕੀਤੀ। ਪੁਲਿਸ ਨੇ ਤਿੰਨ ਜਣਿਆਂ ਖ਼ਿਲਾਫ ਮਾਮਲਾ ਦਰਜ ਕਰ ਲਿਆ। ਨੈਸ਼ਨਲ ਹਾਈਵੇ ਅਥਾਰਟੀ ਵਲੋਂ ਜਿਨ੍ਹਾਂ ਖ਼ਿਲਾਫ ਮਾਮਲਾ ਦਰਜ ਕਰਵਾਇਆ ਗਿਆ ਹੈ ਉਹ ਤਿੰਨੋ ਜਣੇ ਮਜ਼ਦੂਰ ਹਨ ਜੋ ਦਰੱਖਤ ਕੱਟ ਰਹੇ ਸਨ। ਇਥੇ ਇਹ ਵੀ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਨੂੰ ਲੈਕੇ ਆਉਣ ਵਾਲਾ ਪਵਨ ਕੁਮਾਰ ਜੋ ਮੌਕੇ 'ਤੇ ਮੌਜੂਦ ਸੀ, ਉਸਦੇ ਖਿਲਾਫ ਨੈਸ਼ਨਲ ਹਾਈਵੇ ਨੇ ਕੋਈ ਕਾਰਵਾਈ ਨਹੀਂ ਕਰਵਾਈ। ਉਕਤ ਪਵਨ ਕੁਮਾਰ ਤੋਂ ਜੰਗਲਾਤ ਵਿਭਾਗ ਨੇ 38 ਹਜ਼ਾਰ ਰੁਪਏ ਕਾਗਜ਼ਾਂ ਵਿੱਚ ਜੁਰਮਾਨਾ ਵਸੂਲ ਕੀਤਾ ਹੈ। ਅਜਿਹੇ ਵਿੱਚ ਜੰਗਲਾਤ ਵਿਭਾਗ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੀ ਕਾਰਵਾਈ ਸ਼ੱਕ ਦੇ ਘੇਰੇ ਵਿੱਚ ਹੈ। ਦਰੱਖਤ ਕੱਟਣ ਦਾ ਸਿੱਧਾ-ਸਿੱਧਾ ਫਾਇਦਾ ਉਸ ਜ਼ਮੀਨ ਮਾਲਕ ਨੂੰ ਪਹੁੰਚਣਾ ਹੈ ਜਿਸਦੀ ਜ਼ਮੀਨ ਅੱਗੇ ਦਰੱਖਤ ਆ ਰਹੇ ਹਨ, ਜਾਣਕਾਰ ਕਰੋੜਾਂ ਦੀ ਜ਼ਮੀਨ ਵਿਕਣ ਵਿੱਚ ਅੜਚਨ ਪੈਦਾ ਹੋ ਰਹੀ ਸੀ, ਉਸਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਡੀ ਐਫ਼ ਓ ਅਮਨੀਤ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਦਿਹਾੜੀ ਕਰਨ ਵਾਲਿਆਂ ਤੋਂ ਜੁਰਮਾਨਾ ਵਸੂਲਣ ਅਤੇ ਮਾਮਲਾ ਦਰਜ ਕਰਵਾਉਣ ਦੀ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

# ਗੋਲਡਨ ਪਾਮ ਪ੍ਰੀਮੀਅਮ ਸੁਸਾਇਟੀ ਵਾਸੀਆਂ ਨੇ ਬਿਲਡਰ ਖ਼ਿਲਾਫ ਕੀਤਾ ਰੋਸ ਪ੍ਰਦਰਸ਼ਨ

## ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਲੋਕ, ਸੁਰੱਖਿਆ ਦੇ ਨਾਂ 'ਤੇ ਚਾਰਦੀਵਾਰੀ ਵੀ ਨਹੀਂ



ਡੇਰਾਬੱਸੀ, 25 ਮਾਰਚ (ਮਨਦੀਪ ਵਰਮਾ/ਯੋਗੇਸ਼ ਰਾਣਾ):ਇਥੋਂ ਦੀ ਗੋਲਡਨ ਪਾਮ ਪ੍ਰੀਮੀਅਮ ਹਾਊਸਿੰਗ ਸੋਸਾਇਟੀ ਵਾਸੀ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ। ਬਿਲਡਰ ਵਲੋਂ ਕੋਈ ਸੁਣਵਾਈ ਨਾ ਕਰਨ ਤੇ ਲੋਕਾਂ ਨੇ ਬਿਲਡਰ ਖ਼ਿਲਾਫ ਰੋਸ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸ਼ਨ ਕਰਦੇ ਲੋਕਾਂ ਨੇ ਕਿਹਾ ਕਿ ਪਲਾਟ ਵੇਚਣ ਸਮੇਂ ਬਿਲਡਰ ਨੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਜੋ ਤਿੰਨ ਸਾਲਾਂ ਬਾਅਦ ਵੀ ਪੂਰੇ ਹੋਣ ਨੂੰ ਤਰਸ ਰਹੇ ਹਨ। ਹਾਲਤ ਇਸ ਕਦਰ ਮਾੜੇ ਹਨ ਕਿ ਸੁਰੱਖਿਆ ਦੇ ਨਾਮ 'ਤੇ ਚਾਰ ਦੀਵਾਰੀ ਵੀ ਨਹੀਂ ਹੈ। ਨਿੱਤ ਦਿਹਾੜੇ ਚੋਰੀਆਂ ਹੁੰਦੀਆਂ ਹਨ। ਲੋਕ ਘਰਾਂ ਨੂੰ ਛੱਡ ਕੇ ਜਾਂ ਵੀ ਨਹੀਂ ਸਕਦੇ। ਗਲੀਆਂ ਵਿੱਚ ਬਿਜਲੀ ਦਾ ਕੋਈ ਪ੍ਰਬੰਧ ਨਹੀਂ, ਕਈ ਥਾਵਾਂ 'ਤੇ ਅੱਜ ਤੱਕ ਬਿਜਲੀ ਦੇ ਪੋਲ ਵੀ ਨਹੀਂ ਲਗਾਏ ਗਏ। ਸਾਫ਼-ਸਫ਼ਾਈ ਦਾ ਏਨਾ ਮਾੜਾ ਹਾਲ ਕੀ ਸੀਵਰੇਜ ਲਾਈਨ ਬੰਦ ਹੋਣ ਤੇ ਦੂਸ਼ਿਤ ਪਾਣੀ ਗਲੀਆਂ ਵਿੱਚ ਭਰ ਜਾਂਦਾ ਹੈ। ਸੁਸਾਇਟੀ ਵਾਸੀਆਂ ਨੇ ਕਿਹਾ ਕਿ ਖੂਨ-ਪਸੀਨੇ ਦੀ ਕਮਾਈ ਨਾਲ ਪਲਾਟ ਖਰੀਦ ਕੇ ਘਰ ਬਣਾਏ ਹਨ, ਪਰ ਬਿਲਡਰ ਵੱਲੋਂ ਉਨ੍ਹਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਬਿਲਡਰ ਨੂੰ ਕਈ ਵਾਰ ਸਮੱਸਿਆਵਾਂ ਦੱਸਣ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਹੋ ਰਹੀ। ਡੇਰਾਬੱਸੀ ਪ੍ਰਸਾਸ਼ਨਿਕ ਅਧਿਕਾਰੀ ਵੀ ਕੋਈ ਸੁਣਵਾਈ ਨਹੀਂ ਕਰਦੇ। ਇਸ ਬਾਰੇ ਜਦੋਂ ਸੁਸਾਇਟੀ ਮੈਨੇਜਮੈਂਟ ਦਾ ਪੱਖ ਲੈਣ ਲਈ ਸੰਪਰਕ ਕੀਤਾ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

# ਪੰਜਾਬ 'ਚ ਪਹਿਲੀ ਵਾਰ ਏਸ਼ੀਆ ਪੱਧਰ ਦੀ ਹਾਕੀ ਟ੍ਰਾਫੀ ਦਾ ਆਯੋਜਨ ਮਾਨ ਸਰਕਾਰ ਦੀ ਵੱਡੀ ਪ੍ਰਾਪਤੀ : ਦੀਪਕ ਸੂਦ

ਰਾਜਪੁਰਾ, 25 ਮਾਰਚ (ਸੰਜੀਵ ਕੁਮਾਰ): ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਹਿਲੀ ਵਾਰ 1791 ਕਰੋੜ ਦੀ ਵੱਡੀ ਰਾਸ਼ੀ ਖੇਡਾਂ ਲਈ ਫੰਡ ਦੇ ਰੂਪ ਵਿੱਚ ਰੱਖੀ ਗਈ ਹੈ ਜੋ ਕਿ ਪੰਜਾਬ ਦੀ



ਜਵਾਨੀ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਡਾ ਕਦਮ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਦੀਪਕ ਸੂਦ ਵੱਲੋਂ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ ਗਿਆ।

ਚੇਅਰਮੈਨ ਦੀਪਕ ਸੂਦ ਨੇ ਕਿਹਾ ਕਿ ਮਾਨ ਸਰਕਾਰ ਦੀ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦਾ ਹੀ ਨਤੀਜਾ ਹੈ ਕਿ ਪੰਜਾਬ ਵਿੱਚ ਪਹਿਲੀ ਵਾਰ ਏਸ਼ੀਆ ਪੱਧਰ ਦੀ ਏਸ਼ੀਅਨ ਚੈਂਪੀਅਨਸ਼ਿਪ ਹਾਕੀ ਟ੍ਰਾਫੀ ਹੋਣ ਜਾ ਰਹੀ ਹੈ ਜੋ ਕਿ ਮਾਨ ਸਰਕਾਰ ਦੀ ਵੱਡੀ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਖੇਡਾਂ ਨਾਲ ਜੁੜਿਆ ਨੌਜਵਾਨ ਵਰਗ ਗਲਤ ਪਾਸੇ ਨਹੀਂ ਜਾ ਸਕਦਾ। ਉਨ੍ਹਾਂ ਏਸ਼ੀਅਨ ਚੈਂਪੀਅਨਸ਼ਿਪ ਹਾਕੀ ਟਰਾਫੀ ਦੇ ਆਯੋਜਨ ਨੂੰ ਪੰਜਾਬ ਦੀ ਆਰਥਿਕਤਾ ਲਈ ਵੀ ਸ਼ੁੱਭ ਸੰਕੇਤ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ ਅਤੇ ਪੰਜਾਬ ਇੱਕ ਟੂਰਿਸਟ ਹੱਬ ਵਜੋਂ ਵੀ ਹੋਰ ਜ਼ਿਆਦਾ ਪ੍ਰਸਿੱਧੀ ਪ੍ਰਾਪਤ ਕਰੇਗਾ।

# ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਵਿਖੇ ਮੈਨੂਅਲ ਥੈਰੇਪੀ ਕੈਂਪ ਲਗਾਇਆ



ਮੰਡੀ ਗੋਬਿੰਦਗੜ੍ਹ, 25 ਮਾਰਚ (ਰੂਪਲ ਸੂਦ)-ਦੀ ਫਤਿਹਗੜ੍ਹ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਸਰਹੰਦ ਮੰਡੀ ਵਿਖੇ ਮੈਨੂਅਲ ਥੈਰਪੀ ਦਾ ਛੇਵਾਂ ਕੈਂਪ ਲਗਾਇਆ ਗਿਆ ਜਿਸ ਵਿੱਚ ਡਾ. ਜਗਤਾਰ ਸਿੰਘ ਦੀ ਟੀਮ ਵੱਲੋਂ 80 ਮਰੀਜ਼ਾਂ ਦਾ ਬਿਨਾਂ ਕਿਸੇ ਦਵਾਈ ਤੋਂ ਇਲਾਜ ਕੀਤਾ ਗਿਆ। ਕੈਂਪ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਨੇ ਕੀਤਾ। ਉਨਾਂ ਕਿਹਾ ਕਿ ਮੈਨੂਅਲ ਥੈਰਪੀ ਕੈਂਪ ਆਮ ਲੋਕਾਂ ਦੇ ਇਲਾਜ ਵਿੱਚ ਬਹੁਤ ਅਹਿਮ ਭੂਮਿਕਾ ਨਿਭਾ ਰਹੇ ਹਨ ਕਿਉਂਕਿ ਇਹਨਾਂ ਕੈਂਪਾਂ ਵਿੱਚ ਬਿਨਾਂ ਕਿਸੇ ਦਵਾਈ ਤੋਂ ਕਈ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ। ਉਨਾਂ ਦੱਸਿਆ ਕਿ ਮੈਨੂਅਲ ਥੈਰਪੀ ਕੈਂਪ ਵਿੱਚ ਸਿਰ ਤੋਂ ਲੈ ਕੇ ਪੈਰਾਂ ਤੱਕ ਕਿਸੇ ਵੀ ਮਾਸਪੇਸ਼ੀ ਦੇ ਦਰਦ ਦਾ ਇਲਾਜ ਕਰਨ ਦੇ ਨਾਲ ਨਾਲ ਸਰਵਾਈਕਲ, ਮਾਈਗਰੇਨ, ਪਿੱਠ ਦਾ ਦਰਦ, ਗੋਡੇ, ਮੋਡੇ, ਲੱਤਾਂ, ਬਾਹਾਂ ਤੇ ਅੱਡੀ ਦਰਦ ਦਾ ਇਲਾਜ ਬਿਨਾਂ ਕਿਸੇ ਦਵਾਈ ਤੋਂ ਕੀਤਾ ਜਾਂਦਾ ਹੈ। ਇਸ ਮੌਕੇ ਪ੍ਰੋਫੈਸਰ ਜੁਪਿੰਦਰ ਸਿੰਘ, ਮਨਿੰਦਰ ਸਿੰਘ ਲੱਕੀ, ਗੁਰਿੰਦਰ ਪਾਲ ਸਿੰਘ ਮਨੀ, ਬਿਕਰਮਜੀਤ ਸਿੰਘ ਮਿੱਠੂ, ਭੁਪਿੰਦਰ ਸਿੰਘ ਸੋਨੂ, ਤਜਿੰਦਰ ਸਿੰਘ, ਹਰਬਖਸ਼ ਸਿੰਘ ਬੌਬੀ, ਤਰਨਜੀਤ ਸਿੰਘ, ਸੋਹਨ ਕਮਲਪ੍ਰੀਤ ਸਿੰਘ, ਕੇਪੀ ਰਘਵੀਰ ਸਿੰਘ, ਡਾ. ਜਗਤਾਰ ਸਿੰਘ, ਮਨਜੀਤ ਸਿੰਘ ਮਾਨ, ਹਰਪ੍ਰੀਤ ਸਿੰਘ ਸਰਹਿੰਦ, ਬਲਜੀਤ ਸਿੰਘ ਖਾਲਸਾ ਸਰਹਿੰਦ, ਤਰੁਣ ਦੇਵੀ ਸਰਹਿੰਦ, ਪੰਕਜ ਸ਼ਰਮਾ ਸਰਹਿੰਦ, ਜਰਨੈਲ ਸਿੰਘ ਖਾਲਸਾ ਪ੍ਰਧਾਨ ਬੀਸੀ ਵਿੰਗ, ਜਸ਼ਨਪ੍ਰੀਤ ਸਿੰਘ, ਐਡਵੋਕੇਟ ਜਸ਼ਨ ਮਲੀ, ਮਨਿੰਦਰ ਸਿੰਘ ਅਤੇ ਐਸਪੀ ਕੋਹਲੀ ਆਦਿ ਹਾਜ਼ਰ ਸਨ।

# ਜੰਮੂ-ਕਸ਼ਮੀਰ ਡਿਊਟੀ 'ਤੇ ਤੈਨਾਤ ਲੈਫਟੀਨੈਂਟ ਕਰਨਲ ਦੇ ਘਰ 'ਚ ਚੋਰੀ

ਡੇਰਾਬੱਸੀ, 25 ਮਾਰਚ (ਮਨਦੀਪ ਵਰਮਾ/ਯੋਗੇਸ਼ ਰਾਣਾ) : ਡੇਰਾਬੱਸੀ ਸ਼ਹਿਰ ਦੇ ਗੁਲਮੋਹਰ ਸਿਟੀ ਜੀਐਮਵਨ ਐਕਸਟੈਂਸ਼ਨ ਇਲਾਕੇ ਵਿੱਚ ਚੋਰੀ ਦੀ ਇਕ ਵਾਰਦਾਤ ਸਾਹਮਣੇ ਆਈ ਹੈ, ਜਿੱਥੇ ਚੋਰਾਂ ਨੇ ਬੰਦ ਪਏ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੰਦਰ ਪਿਆ ਕੀਮਤੀ ਸਮਾਨ ਚੁੱਕ ਲਿਆ। ਇਸ ਘਟਨਾ ਨਾਲ ਇਲਾਕੇ ਦੇ ਵਸਨੀਕਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ। ਜਾਣਕਾਰੀ ਦਿੰਦਿਆਂ ਮਕਾਨ ਮਾਲਕ ਲੈਫਟੀਨੈਂਟ ਕਰਨਲ ਦੁਸ਼ਿਅੰਤ ਅਰੋੜਾ ਨੇ ਦੱਸਿਆ ਕਿ ਉਹ ਇਸ ਸਮੇਂ ਬਲਟਾਨਾ ਵਿੱਚ ਰਹਿ ਰਹੇ ਹਨ ਅਤੇ ਉਹਨਾਂ ਦੀ ਡਿਊਟੀ ਜੰਮੂ ਕਸ਼ਮੀਰ ਵਿੱਚ ਲੱਗੀ ਹੋਈ ਹੈ। ਉਹਨਾਂ ਨੇ ਡੇਰਾਬੱਸੀ ਦੇ ਗੁਲਮੋਹਰ ਸਿਟੀ ਜੀਐਮਵਨ ਐਕਸਟੈਂਸ਼ਨ ਵਿੱਚ ਆਪਣਾ ਮਕਾਨ ਤਿਆਰ ਕਰਵਾਇਆ ਹੋਇਆ ਹੈ, ਜੋ ਪਿਛਲੇ ਕੁਝ ਸਮੇਂ ਤੋਂ ਬੰਦ ਪਿਆ ਸੀ। ਜਦੋਂ ਉਹ ਛੁੱਟੀ 'ਤੇ ਘਰ ਵਾਪਸ ਆਏ ਤਾਂ ਉਹਨਾਂ ਨੇ ਆਪਣੇ ਮਕਾਨ ਦਾ ਦੌਰਾ ਕੀਤਾ, ਜਿੱਥੇ ਪਹੁੰਚ ਕੇ ਉਹ ਹੈਰਾਨ ਰਹਿ ਗਏ। ਉਹਨਾਂ ਦੇ ਮੁਤਾਬਕ ਚੋਰਾਂ ਨੇ ਘਰ ਦੇ ਅੰਦਰ ਵੜਨ ਲਈ ਪਹਿਲਾਂ ਖਿੜਕੀ ਦਾ ਸ਼ੀਸ਼ਾ ਤੋੜਿਆ ਅਤੇ ਫਿਰ ਅੰਦਰ ਦਾਖਲ ਹੋਏ। ਘਰ ਅੰਦਰ ਪਹੁੰਚਣ ਤੋਂ ਬਾਅਦ ਚੋਰਾਂ ਨੇ ਪੱਖੇ ਦੀਆਂ ਤਾਰਾਂ, ਪੰਖੇ, ਗੈਸ ਸਿਲੰਡਰ ਅਤੇ ਟੂਟੀਆਂ ਸਮੇਤ ਹੋਰ ਕਾਫੀ ਸਮਾਨ ਚੋਰੀ ਕਰ ਲਿਆ। ਚੋਰੀ ਦੀ ਇਸ ਵਾਰਦਾਤ ਕਾਰਨ ਮਕਾਨ ਮਾਲਕ ਨੂੰ ਵੱਡਾ ਨੁਕਸਾਨ ਹੋਇਆ ਹੈ। ਇਸ ਘਟਨਾ ਦੀ ਸੂਚਨਾ ਤੁਰੰਤ ਪੁਲਿਸ ਨੂੰ ਦੇ ਦਿੱਤੀ ਗਈ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਲਾਕਾ ਵਾਸੀਆਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਾਤ ਸਮੇਂ ਗਸ਼ਤ ਵਧਾਈ ਜਾਵੇ ਤਾਂ ਜੋ ਅਜਿਹੀਆਂ ਵਾਰਦਾਤਾਂ 'ਤੇ ਰੋਕ ਲੱਗ ਸਕੇ।

ਦਮਨਦੀਪ ਸਿੰਘ ਪ੍ਰਿੰਟਰ, ਪਬਲਿਸ਼ਰ ਅਤੇ ਐਡੀਟਰ ਨੇ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ 'ਰੋਜ਼ਾਨਾ ਚੜ੍ਹਦੀਕਲਾ', 3205 ਸੈਕਟਰ 44-ਡੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ। ਮਾਲਕ: ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, ਪ੍ਰਾਈਵੇਟ ਲਿਮਟਿਡ।

PRGI (RNI) Regd. No. CHPUN/25/A1790

Printed, Published & Edited by Damandeep Singh on behalf of Charhdikala Printing Press Pvt. Ltd. Printed at Charhdikala Printing Press, 593, SST Nagar, Patiala keeper Paramjit Singh, Published at Office Daily Charhdikala, 3205, Sector 44-D, Chandigarh.

PRGI (RNI) Regd. No. CHPUN/25/A1790

# ਗਗਨਦੀਪ ਸਿੰਘ ਰੰਧਾਵਾ ਖੁਦਕੁਸ਼ੀ ਦੇ ਦੋਸ਼ੀਆਂ ਵਿਰੁੱਧ ਫੌਰੀ ਨਿਰਪੱਖਤਾ ਨਾਲ ਕਾਨੂੰਨੀ ਅਮਲ ਹੋਵੇ : ਮਾਨ

ਫ਼ਤਹਿਗੜ੍ਹ ਸਾਹਿਬ, 25 ਮਾਰਚ (ਰੂਪਲ ਸੂਦ) : ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪ੍ਰੈਸ ਦੇ ਨਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਆਪ ਨੂੰ ਲੋਕਾਂ ਦੀ ਪਾਰਟੀ ਅਖਵਾ ਕੇ ਇਹ ਪ੍ਰਚਾਰ ਕਰਦੀ ਹੈ ਕਿ ਸਾਡੇ ਵਜ਼ੀਰ, ਵਿਧਾਇਕ ਅਤੇ ਅਫਸਰਸ਼ਾਹੀ ਵਿਚ ਕੋਈ ਰਿਸ਼ਤਵਖੋਰੀ, ਜਾਬਰ ਜਾਂ ਵਿਤਕਰੇ ਕਰਨ ਵਾਲਾ ਨਹੀਂ ਹੈ, ਅਸੀਂ ਬਰਾਬਰਤਾ ਤੇ ਇਨਸਾਫ਼ ਵਾਲਾ ਪ੍ਰਬੰਧ ਪ੍ਰਦਾਨ ਕਰ ਰਹੇ ਹਾਂ ਜਦੋਂਕਿ ਪਾਰਟੀ ਸੁਪਰੀਮੋ ਕੇਜਰੀਵਾਲ, ਮੁਨੀਸ਼ ਸ਼ਿਸ਼ੋਦੀਆ, ਸਤਿੰਦਰ ਜੈਨ ਖਿਲਾਫ਼ ਭ੍ਰਿਸ਼ਟਾਚਾਰ ਦੇ ਕਥਿਤ ਗੰਭੀਰ ਦੋਸ਼ ਹਨ। ਉਨ੍ਹਾਂ ਪੰਜਾਬ ਦੇ ਕੈਬਨਿਟ ਵਜੀਰ ਲਾਲਜੀਤ ਸਿੰਘ ਭੁੱਲਰ ਵੱਲੋਂ ਇਕ ਨੇਕ ਇਮਾਨਦਾਰ ਵੇਅਰਹਾਊਸ ਦੇ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਨਾਲ ਕੀਤੇ ਕਥਿਤ ਦੁਰਵਿਵਹਾਰ ਅਤੇ ਜਲਾਲਤ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਦੁਖੀ ਹੋਏ ਇਸ ਅਫ਼ਸਰ ਨੂੰ ਖੁਦਕੁਸ਼ੀ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾ ਕੇ ਕਾਨੂੰਨ ਅਨੁਸਾਰ ਸਜ਼ਾ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਸਰਕਾਰ ਵਿਚ



ਕਤਲੋਂਗਾਰਤ, ਅਪਰਾਧਿਕ ਕਾਰਵਾਈਆ ਨਿੱਤ-ਦਿਹਾੜੇ ਹੋ ਰਹੀਆਂ ਹਨ ਅਤੇ ਕਥਿਤ ਕਥਿਤ ਝੂਠੇ ਪੁਲਿਸ ਮੁਕਾਬਲੇ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨਸਾਫ ਇਸ ਗੱਲ ਦੀ ਮੰਗ ਕਰਦਾ ਹੈ ਕਿ ਭਾਵੇ ਕੋਈ ਵੀ ਦੋਸ਼ੀ ਕਿੰਨੇ ਵੀ ਉੱਚ ਅਹੁਦੇ 'ਤੇ ਹੋਵੇ ਉਸ ਉਤੇ ਦੋਸ਼ ਸਾਬਤ ਹੋਣ 'ਤੇ ਉਸ ਨੂੰ ਕਾਨੂੰਨਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ।

ਉਨ੍ਹਾਂ ਆਸ ਕੀਤੀ ਕਿ 'ਆਪ' ਦੀ ਭਗਵੰਤ ਮਾਨ ਸਰਕਾਰ ਇਸ ਦੁਖਾਂਤ ਵਿਚ ਆਪਣੀ ਸਿਆਸੀ ਸ਼ਕਤੀ ਦੀ ਦੁਰਵਰਤੋਂ ਨਾ ਕਰ ਕੇ ਰੰਧਾਵਾ ਦੇ ਬੱਚਿਆਂ ਅਤੇ ਪੰਜਾਬੀਆਂ ਨੂੰ ਬਣਦਾ ਇਨਸਾਫ ਦੇਣ ਦੀ ਜਿੰਮੇਵਾਰੀ ਨਿਭਾਏਗੀ।

# ਨਵਦੀਪ ਸਿੰਘ ਸਾਥੀਆਂ ਸਮੇਤ ਜ਼ਿਲ੍ਹਾ ਪ੍ਰਧਾਨ ਭੱਟੀ ਦੀ ਅਗਵਾਈ ਹੇਠ ਭਾਜਪਾ 'ਚ ਸ਼ਾਮਲ



ਮੰਡੀ ਗੋਬਿੰਦਗੜ੍ਹ, 25 ਮਾਰਚ (ਰੂਪਲ ਸੂਦ) : ਭਾਰਤੀ ਜਨਤਾ ਪਾਰਟੀ ਦੇ ਜਿਲਾ ਯੂਨਿਟ ਨੂੰ ਉਸ ਸਮੇਂ ਹੋਰ ਬੱਲ ਮਿਲਿਆ ਜਦੋਂ ਨਵਦੀਪ ਸਿੰਘ ਨੇ ਆਪਣੇ ਸਾਥੀਆ ਸਮੇਤ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।

ਭੱਟੀ ਨੇ ਕਿਹਾ ਕਿ ਅੱਜ ਦੇਸ਼ ਯੁਵਾ ਸ਼ਕਤੀ ਦੇ ਸਹਾਰੇ ਹੀ ਅੱਗੇ ਵਧ ਰਿਹਾ ਹੈ ਅਤੇ ਦੇਸ਼ ਨੂੰ ਤਰੱਕੀ ਲਈ ਨੌਜਵਾਨਾਂ ਦੀ ਵਧੇਰੇ ਜ਼ਰੂਰਤ ਹਨ। ਉਨ੍ਹਾਂ ਸ਼ਾਮਲ ਹੋਣ ਵਾਲਿਆਂ ਨੂੰ ਪਾਰਟੀ ਵਿਚ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਨਵਦੀਪ ਸਿੰਘ ਨੇ ਪਾਰਟੀ ਦੀ ਮਜਬੂਤੀ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ। ਉਸ ਨੂੰ ਜ਼ਿਲ੍ਹਾ ਪ੍ਰਧਾਨ ਭੱਟੀ ਨੇ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਵੀ ਘੋਸ਼ਿਤ ਕੀਤਾ। ਪਾਰਟੀ ਵਿਚ ਨਵਦੀਪ ਸਿੰਘ ਦੇ ਨਾਲ ਸ਼ਾਮਲ ਹੋਣ ਵਾਲਿਆਂ ਵਿਚ ਅਮਿਤ ਚੌਹਾਨ, ਸੁਖਵਿੰਦਰ ਧੀਮਾਨ, ਮੋਹਿਤ ਧੀਮਾਨ, ਦੀਪਕ ਧੀਮਾਨ, ਰਵਿੰਦਰ ਸਿੰਘ, ਅਮ੍ਰਿਤ ਸਿੰਘ, ਅਨਮੋਲਦੀਪ, ਮਨਦੀਪ ਸਿੰਘ, ਪ੍ਰਿਤਪਾਲ ਸਿੰਘ, ਸਮਰਦੀਪ ਸਿੰਘ ਅਤੇ ਗੁਰਿੰਦਰ ਧਾਲੀਵਾਲ ਆਦਿ ਸਾਮਲ ਸਨ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਹਰੀਸ਼ ਅਗਰਵਾਲ, ਗੁਰਬਖਸ਼ ਸਿੰਘ ਬਖਸ਼ੀ, ਦਵਿੰਦਰ ਭੱਟ, ਗੁਰਮੁਖ ਸਿੰਘ ਅਤੇ ਦਰਸ਼ਨ ਸਿੰਘ ਆਦਿ ਮੌਜੂਦ ਸਨ।

# ਆਰਬੀਯੂ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਵਸ ਮਨਾਇਆ

ਮਾਜਰੀ/ਕੁਰਾਲੀ, 25 ਮਾਰਚ (ਰਜਨੀਕਾਂਤ ਗਰੋਵਰ): ਰਿਆਤ ਬਾਹਰਾ ਯੂਨੀਵਰਸਿਟੀ ਵਿੱਚ ਸ਼ਹੀਦ




ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਵਸ ਬੜੇ ਹੀ ਜੋਸ਼ ਅਤੇ ਦੇਸ਼ ਭਗਤੀ ਦੇ ਮਾਹੌਲ ਵਿੱਚ ਮਨਾਇਆ ਗਿਆ। ਇਸ ਸਮਾਗਮ ਵਿੱਚ ਐਨਐਸਐਸ ਵਲੰਟੀਅਰਾਂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਐਨ.ਸੀ.ਸੀ. ਦੇ ਡਾਇਰੈਕਟਰ ਪ੍ਰੋ. (ਮੇਜਰ) ਏ.ਐਸ. ਚਾਹਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਮਹਾਨ ਆਜ਼ਾਦੀ ਸੈਨਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਇਸ ਦੌਰਾਨ ਉਨ੍ਹਾਂ ਦੀ ਬੇਮਿਸਾਲ ਹਿੰਮਤ, ਬਲੀਦਾਨ ਅਤੇ ਦੇਸ਼ ਪ੍ਰਤੀ ਅਟੁੱਟ ਸਮਰਪਣ ਨੂੰ ਯਾਦ ਕੀਤਾ ਗਿਆ। ਵਿਦਿਆਰਥੀਆਂ ਅਤੇ ਵਲੰਟੀਅਰਾਂ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦਾ ਮੁੱਖ ਆਕਰਸ਼ਣ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਪ੍ਰਭਾਵਸ਼ਾਲੀ ਨੁੱਕੜ ਨਾਟਕ ਸੀ, ਜਿਸ ਵਿੱਚ ਭਗਤ ਸਿੰਘ ਦੇ ਜੀਵਨ, ਸੰਘਰਸ਼ ਅਤੇ ਇਨਕਲਾਬੀ ਜਜ਼ਬੇ ਨੂੰ ਜੀਵੰਤ ਢੰਗ ਨਾਲ ਦਰਸਾਇਆ ਗਿਆ। ਇਸ ਪ੍ਰਸਤੁਤੀ ਨੇ ਦਰਸ਼ਕਾਂ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ ਅਤੇ ਦੇਸ਼ ਭਗਤੀ ਤੇ ਸਮਾਜਿਕ ਜ਼ਿੰਮੇਵਾਰੀ ਦਾ ਮਜ਼ਬੂਤ ਸੰਦੇਸ਼ ਦਿੱਤਾ। ਇਸ ਮੌਕੇ ਵਲੰਟੀਅਰਾਂ ਅਤੇ ਫੈਕਲਟੀ ਮੈਂਬਰਾਂ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਵੀ ਚਲਾਈ ਗਈ, ਜੋ ਵਿਕਾਸ, ਟਿਕਾਊਪਣ ਅਤੇ ਦੇਸ਼ ਦੇ ਭਵਿੱਖ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਸੀ। ਕੈਂਪਸ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਮਾਹੌਲ ਦੇਸ਼ ਭਗਤੀ ਨਾਲ ਭਰ ਗਿਆ। ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੰਜੇ ਕੁਮਾਰ ਨੇ ਐਨਐਸਐਸ ਯੂਨਿਟ ਅਤੇ ਭਾਗੀਦਾਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ, ਵਿਦਿਆਰਥੀਆਂ ਨੂੰ ਸ਼ਹੀਦਾਂ ਦੁਆਰਾ ਦਿਖਾਏ ਗਏ ਹਿੰਮਤ, ਨਿਰਸਵਾਰਥਤਾ ਅਤੇ ਸਮਰਪਣ ਦੇ ਮਾਰਗ 'ਤੇ ਚੱਲਣ ਲਈ ਉਤਸ਼ਾਹਿਤ ਕੀਤਾ। ਸਮਾਗਮ ਅੰਤ ਵਿੱਚ ਏਕਤਾ ਅਤੇ ਪ੍ਰੇਰਨਾ ਦੇ ਸੰਦੇਸ਼ ਨਾਲ ਸਮਾਪਤ ਹੋਇਆ, ਜਿਸ ਨੇ ਸਾਰੇ ਹਾਜ਼ਰੀਨ 'ਤੇ ਡੂੰਘਾ ਪ੍ਰਭਾਵ ਛੱਡਿਆ।

# ਪ੍ਰਭ ਆਸਰਾ ਸੰਸਥਾ 'ਚ ਚਾਰ ਹੋਰ ਨਾਗਰਿਕਾਂ ਨੂੰ ਮਿਲੀ ਸ਼ਰਨ

ਕੁਰਾਲੀ, 25 ਮਾਰਚ (ਰਜਨੀਕਾਂਤ ਗਰੋਵਰ): ਕੁਰਾਲੀ ਸ਼ਹਿਰ ਦੀ ਹੱਦ 'ਚ ਪੈਂਦੇ ਪਿੰਡ ਪਡਿਆਲਾ ਸਥਿਤ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਪ੍ਰਭ ਆਸਰਾ ਸੰਸਥਾ ਵਿੱਚ ਚਾਰ ਹੋਰ ਲਾਵਾਰਿਸ ਨਾਗਰਿਕਾਂ ਨੂੰ ਸ਼ਰਨ ਦਿੱਤੀ ਗਈ ਹੈ। ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਪਰਵੀਨ (36) ਜੋ ਕਿ ਮਾਨਸਿਕ ਰੋਗ ਤੋਂ ਪੀੜਿਤ ਹੋਣ ਕਰਕੇ ਲਾਵਾਰਿਸ ਹਾਲਤ ਵਿੱਚ ਚੁੰਨੀ ਦੀਆਂ ਸੜਕਾਂ 'ਤੇ ਰੁਲ ਰਹੀ ਸੀ ਇਸ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਸਮਾਜ ਦਰਦੀ ਸੱਜਣਾ ਵੱਲੋਂ ਇਸ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦਿੱਤੀ ਗਈ ਜਿਸ




ਉਪਰੰਤ ਪ੍ਰਸ਼ਾਸਨ ਵੱਲੋਂ ਇਸ ਨੂੰ ਇਲਾਜ ਅਤੇ ਸਾਂਭ-ਸੰਭਾਲ ਲਈ ਪ੍ਰਭ ਆਸਰਾ ਸੰਸਥਾ ਵਿੱਚ ਦਾਖਿਲ ਕਰਵਾਇਆ ਗਿਆ। ਇਸੇ ਤਰ੍ਹਾਂ ਨਰੇਸ਼ ਰਾਣੀ (75) ਨੂੰ ਪ੍ਰਭ ਆਸਰਾ ਸੰਸਥਾ ਦੇ ਮੇਨ ਗੇਟ ਲਾਗੇ ਲਾਵਾਰਿਸ ਅਤੇ ਤਰਸਯੋਗ ਹਾਲਤ ਵਿੱਚ ਦੇਖੀ ਗਈ , ਸਕਿਊਰਟੀ ਗਾਰਡ ਦੇ ਪੁੱਛਣ 'ਤੇ ਉਹ ਆਪਣੇ ਬਾਰੇ ਕੁਝ ਵੀ ਦੱਸ ਨਹੀਂ ਰਹੀ ਸੀ ਇਸ ਬਾਰੇ ਗਾਰਡ ਵੱਲੋਂ ਟੀਮ ਨੂੰ ਜਾਣਕਾਰੀ ਦਿੱਤੀ ਗਈ ਔਰਤ ਦੀ ਤਰਸਯੋਗ ਹਾਲਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਟੀਮ ਵੱਲੋਂ ਉਸ ਨੂੰ ਸੰਸਥਾ ਦੇ ਅੰਦਰ ਲਿਆਂਦਾ ਗਿਆ, ਇਸ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦਿੱਤੀ ਗਈ ਜਿਸ ਉਪਰੰਤ ਪ੍ਰਸ਼ਾਸਨ ਵੱਲੋਂ ਇਸ ਨੂੰ ਇਲਾਜ ਅਤੇ ਸਾਂਭ-ਸੰਭਾਲ ਲਈ ਪ੍ਰਭ ਆਸਰਾ ਸੰਸਥਾ ਵਿੱਚ ਦਾਖਿਲ ਕਰਵਾਇਆ ਗਿਆ। ਇਸੇ ਤਰ੍ਹਾਂ ਇਕ ਨਾਗਰਿਕ ਕਾਸ਼ੀ (60) ਜੋ ਕਿ ਪਿੰਡ ਵਾਲਿਆਂ ਦੇ ਦੱਸਣ ਮੁਤਾਬਿਕ ਨੂਰਪੁਰ ਬੇਟ ਵਿੱਚ ਕਾਫੀ ਸਮੇਂ ਤੋਂ ਰਹਿੰਦਾ ਸੀ, ਤੇ ਇਸ ਦੀ ਦਿਮਾਗੀ ਹਾਲਤ ਵੀ ਠੀਕ ਨਹੀਂ ਸੀ ਉਹ ਆਪਣੇ ਪਿਛੋਕੜ ਬਾਰੇ ਕੁਝ ਵੀ ਨਹੀਂ ਜਾਣਦਾ ਸੀ ਤੇ ਪਿੰਡ ਦੀਆਂ ਮੋਟਰਾਂ 'ਤੇ ਹੀ ਰਹਿੰਦਾ ਸੀ ਤੇ ਹੁਣ ਇਸ ਦੀ ਸਿਹਤ ਵੀ ਖਰਾਬ ਰਹਿਣ ਲੱਗ ਪਈ ਸੀ ਤੇ ਇਸ ਦੀ ਸਾਂਭ-ਸੰਭਾਲ ਕਰਨ ਵਾਲਾ ਕੋਈ ਵੀ ਨਹੀਂ ਸੀ, ਜਿਸ ਕਰਕੇ ਇਸ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਪਿੰਡ ਦੀ ਪੰਚਾਇਤ ਤੇ ਪ੍ਰਸ਼ਾਸਨ ਵੱਲੋਂ ਇਸ ਦੀ ਸਾਂਭ-ਸੰਭਾਲ ਅਤੇ ਇਲਾਜ ਲਈ ਪ੍ਰਭ ਆਸਰਾ ਸੰਸਥਾ ਵਿੱਚ ਦਾਖਲ ਕਰਵਾਇਆ ਗਿਆ। ਇਸੇ ਤਰ੍ਹਾਂ ਜੋਗਿੰਦਰ ਕੌਰ (70) ਜੋ ਕੇ ਮਾਨਸਿਕ ਰੋਗ ਤੋਂ ਪੀੜਿਤ ਹੋਣ ਕਰਕੇ ਲਾਵਾਰਿਸ ਹਾਲਤ ਵਿੱਚ ਖਰੜ ਤੋਂ ਕੁਰਾਲੀ ਦੀਆਂ ਸੜਕਾਂ 'ਤੇ ਰੁਲ ਰਹੀ ਸੀ, ਸਮਾਜ ਦਰਦੀ ਸੱਜਣਾਂ ਵੱਲੋਂ ਇਸ ਨੂੰ ਇਲਾਜ ਅਤੇ ਸਾਂਭ -ਸੰਭਾਲ ਲਈ ਪ੍ਰਭ ਆਸਰਾ ਸੰਸਥਾ ਵਿੱਚ ਦਾਖਿਲ ਕਰਵਾਇਆ ਗਿਆ। ਇਹਨਾਂ ਸੱਜਣਾ ਨੂੰ ਜੇਕਰ ਕੋਈ ਪਛਾਣਦਾ ਹੋਵੇ ਤਾਂ ਪ੍ਰਭ ਆਸਰਾ ਸੰਸਥਾ ਨਾਲ ਸੰਪਰਕ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਪ੍ਰਭ ਆਸਰਾ ਪਰਮਾਤਮਾ ਦੀ ਕ੍ਰਿਪਾ ਅਤੇ ਸਮਾਜ ਦਰਦੀ ਸੱਜਣਾਂ ਦੇ ਸਹਿਯੋਗ ਨਾਲ ਹੁਣ ਤੱਕ ਇਹੋ ਜਿਹੇ ਹਜ਼ਾਰਾਂ ਹੀ ਨਾਗਰਿਕਾਂ ਦੀ ਜ਼ਿੰਦਗੀ ਸੁਧਾਰ ਚੁੱਕੀ ਹੈ ਤੇ ਉਹਨਾਂ ਨੂੰ ਉਹਨਾਂ ਦੇ ਪਰਿਵਾਰਾਂ ਨਾਲ ਮਿਲਾ ਚੁੱਕੀ ਹੈ। ਇਸ ਸਮੇਂ ਤਕਰੀਬਨ 450 ਨਾਗਰਿਕਾਂ ਤੋਂ ਵੱਧ ਦੀ ਸੰਭਾਲ ਤੇ ਇਲਾਜ ਚੱਲ ਰਿਹਾ ਹੈ।

# ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਿਸੇ ਵੀ ਪਾਰਟੀ ਨੇ ਪੰਜਾਬ ਦੇ ਹਿੱਤਾਂ ਲਈ ਕੁਰਬਾਨੀਆਂ ਜਾਂ ਜੇਲ੍ਹਾਂ ਨਹੀਂ ਕੱਟੀਆਂ: ਸੁਖਬੀਰ ਸਿੰਘ ਬਾਦਲ



ਅਮਲੋਹ, 25 ਮਾਰਚ (ਜਸਵੰਤ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਬੜਿੰਗ ਨੇ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੇ ਮਾਮਲੇ ਵਿਚ ਚੁੱਪ ਧਾਰੀ ਹੋਈ ਹੈ ਕਿਉਂਕਿ 2021 ਵਿਚ ਪਿਓ ਧੀ ਵਲੋਂ ਕੀਤੀ ਖੁਦਕੁਸ਼ੀ ਵਿਚ ਉਨ੍ਹਾਂ ਇਸ ਖਿਲਾਫ਼ ਦੋਸ਼ ਲਗਾਏ ਸਨ, ਜਿਸ ਬਾਰੇ 'ਆਪ' ਸਰਕਾਰ ਨੇ ਵੀ ਭੇਦਭਰੀ ਚੁੱਪ ਧਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਲੋਕਾਂ ਦਾ ਧਿਆਨ ਹਟਾਉਣ ਲਈ ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਅੱਜ ਇਥੇ ਦਾਣਾ ਮੰਡੀ ਵਿਚ ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੀ ਅਗਵਾਈ ਹੇਠ ਹੋਈ ਪ੍ਰਭਾਵਸ਼ਾਲੀ 'ਪੰਜਾਬ ਬਚਾਓ' ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੂੰ ਪੰਜਾਬ ਨਾਲ ਕੋਈ ਸਰੋਕਾਰ ਨਹੀਂ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਖੇਤਰੀ ਪਾਰਟੀ ਹੀ ਪੰਜਾਬ ਦਾ ਭਲਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਿਸੇ ਵੀ ਪਾਰਟੀ ਨੇ ਪੰਜਾਬ ਦੇ ਹਿੱਤਾਂ ਲਈ ਕੁਰਬਾਨੀਆਂ ਜਾਂ ਜੇਲ੍ਹਾਂ ਨਹੀਂ ਕੱਟੀਆਂ ਜਦੋਂਕਿ ਅਕਾਲੀ ਦਲ ਨੇ ਵਪਾਰੀ, ਕਿਸਾਨ, ਮਜਦੂਰ ਅਤੇ ਮੁਲਾਜ਼ਮਾਂ ਦੀ ਅੱਗੇ ਹੋ ਕੇ ਹਿੱਤਾਂ ਦੀ ਪੈਰਵੀ ਕੀਤੀ ਅਤੇ ਵੱਡੇ ਪੱਧਰ 'ਤੇ ਪੰਜਾਬ ਵਿਚ ਵਿਕਾਸ ਕਾਰਜ ਕਰਵਾਏ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 25 ਸਾਲ ਦੇ ਰਾਜ ਭਾਗ ਅਤੇ ਆਪ ਨੇ 4 ਸਾਲ ਵਿਚ ਪੰਜਾਬ ਦੇ ਭਲੇ ਲਈ ਕੁਝ ਨਹੀਂ ਕੀਤਾ ਅਤੇ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਬਿਜਲੀ, ਥਰਮਲ ਪਲਾਂਟ, ਏਅਰਪੋਰਟ ਅਤੇ 6 ਲਾਈਨਾਂ ਸੜਕਾਂ ਆਦਿ ਬਣੀਆਂ। ਉਨ੍ਹਾਂ ਕਿਹਾ ਕਿ ਦੂਸਰੇ ਰਾਜ ਕਰਕੇ ਲੁੱਟਣ ਦੀ ਅਤੇ ਅਕਾਲੀ ਦਲ ਸੇਵਾ ਦੀ ਰਾਜਨੀਤੀ ਕਰਦਾ ਹੈ। ਉਨ੍ਹਾਂ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪੰਜਾਬ ਵਿਚ ਵਿਸ਼ਵ ਪੱਧਰ ਦੀ ਯੂਨੀਵਰਸਿਟੀ ਬਣਾ ਕੇ ਹਰ ਜ਼ਿਲ੍ਹੇ ਵਿਚ ਸੈਂਟਰ ਖੋਲ੍ਹ ਕੇ ਬੇਰੁਜ਼ਗਾਰਾਂ ਨੂੰ ਟ੍ਰੇਨਿੰਗ ਦੇ ਕੇ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦਾ ਪ੍ਰਬੰਧ ਕਰਨ ਦਾ ਐਲਾਨ ਕੀਤਾ ਅਤੇ ਸਰਕਾਰ ਬਣਦੇ ਹੀ ਸ਼ਗਨ ਸਕੀਮ 1 ਲੱਖ ਅਤੇ ਬੁਢਾਪਾ ਵਿਧਵਾ ਪੈਨਸ਼ਨ 2500 ਰੁਪਏ ਕਰਨ ਦਾ ਐਲਾਨ ਕੀਤਾ। ਉਨ੍ਹਾਂ ਪੰਜਾਬ ਵਿਚ 75 ਪ੍ਰਤੀਸ਼ਤ ਉਦਯੋਗ ਅਤੇ ਨੌਕਰੀਆਂ ਪੰਜਾਬੀਆਂ ਨੂੰ ਦੇਣ ਅਤੇ ਵਪਾਰੀਆਂ ਨੂੰ ਅਫ਼ਸਰਸ਼ਾਹੀ ਦੇ ਪੰਜੇ ਤੋਂ ਬਚਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਮੋਟਰਸਾਇਕਲ ਨੂੰ ਵੀ ਕਿਸਾਨ ਦਾ ਗੱਡਾ ਦੱਸਦੇ ਹੋਏ ਇਸ ਨੂੰ ਵੀ ਟਰੈਕਟਰ ਵਾਂਗ ਟੈਕਸ ਰਹਿਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਪ੍ਰਦੇਸ਼ ਕਾਂਗਰਸ ਦੇ ਮੈਂਬਰ ਡਾ. ਜੋਗਿੰਦਰ ਸਿੰਘ ਮੈਣੀ ਨੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ, ਜਿਸ ਨੂੰ ਪਾਰਟੀ ਦਾ ਮੀਤ ਪ੍ਰਧਾਨ ਐਲਾਨਿਆ ਗਿਆ। ਇਸ ਮੌਕੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ, ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਬਲਜੀਤ ਸਿੰਘ ਭੁੱਟਾ, ਦਰਬਾਰਾ ਸਿੰਘ ਗੁਰੂ, ਮੱਖਣ ਸਿੰਘ ਲਾਲਕਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਜਥੇਦਾਰ ਹਰਬੰਸ ਸਿੰਘ ਬਡਾਲੀ, ਕੁਲਦੀਪ ਸਿੰਘ ਮਛਰਾਈ, ਸੁਖਵਿੰਦਰ ਸਿੰਘ ਕਾਲਾ ਅਰੋੜਾ, ਡਾ. ਜਸਵੰਤ ਸਿੰਘ ਅਲਾਦਾਦਪੁਰਾ, ਅਵਤਾਰ ਸਿੰਘ ਰਿਆ ਅਤੇ ਯੂਥ ਆਗੂ ਕਮਲਜੀਤ ਸਿੰਘ ਗਿੱਲ ਆਦਿ ਨੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਐਸ ਓ ਆਈ ਦੇ ਕੌਮੀ ਪ੍ਰਧਾਨ ਰਣਬੀਰ ਸਿੰਘ ਰਾਣਾ ਢਿੱਲੋਂ, ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ, ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਜਤਿੰਦਰ ਸਿੰਘ ਧਾਲੀਵਾਲ, ਜਰਨੈਲ ਸਿੰਘ ਮਾਜਰੀ, ਹਰਵਿੰਦਰ ਸਿੰਘ ਬਿੰਦਾ ਮਾਜਰੀ, ਡਾ. ਅਰਜੁਨ ਸਿੰਘ ਪ੍ਰਧਾਨ, ਸੁਖਦੇਵ ਸਿੰਘ ਬੈਣੀ, ਕਰਮ ਸਿੰਘ ਘੁਟੀਂਡ, ਕੁਲਵਿੰਦਰ ਸਿੰਘ ਭੰਗੂ, ਹਰਿੰਦਰ ਸਿੰਘ ਦੀਵਾ, ਨਾਜ਼ਰ ਸਿੰਘ ਮੰਡੀ, ਐਡਵੋਕੇਟ ਸਤਨਾਮ ਸਿੰਘ ਭਗੜਾਣਾ, ਰੇਸ਼ਮ ਸਿੰਘ ਵਿਰਕ, ਸੋਮਨਾਥ ਅਜਨਾਲੀ, ਭਗਵਾਨ ਸਿੰਘ ਗੱਗੀ ਸਰਪੰਚ, ਮਨਜੀਤ ਸਿੰਘ ਕੈਂਥ ਅਤੇ ਗੁਰਬਖ਼ਸ਼ ਸਿੰਘ ਬੈਣਾ ਆਦਿ ਹਾਜ਼ਰ ਸਨ।

## ਸ੍ਰੀ ਰਾਮਨੌਮੀ ਦੇ ਸਬੰਧ 'ਚ ਸ਼ੋਭਾ ਯਾਤਰਾ ਕੱਢੀ



ਕੀਰਤਪੁਰ ਸਾਹਿਬ, 25 ਮਾਰਚ ( ਬੀ ਐਸ ਰਾਣਾ) ਸਨਾਤਨ ਧਰਮ ਸਭਾ ਰਜਿ, ਇਸਤਰੀ ਸਤਿਸੰਗ ਸਭਾ ਕੀਰਤਪੁਰ ਸਾਹਿਬ ਵੱਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਰਾਮ ਨੌਮੀ ਦੇ ਸੰਬੰਧ ਵਿੱਚ ਰਾਮ ਮੰਦਿਰ ਸ੍ਰੀ ਕੀਰਤਪੁਰ ਸਾਹਿਬ ਤੋਂ ਇੱਕ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ, ਇਹ ਸ਼ੋਭਾ ਯਾਤਰਾ ਰਾਮ ਮੰਦਿਰ ਸ੍ਰੀ ਕੀਰਤਪੁਰ ਸਾਹਿਬ ਤੋਂ ਸ਼ੁਰੂ ਹੋਈ ਜੋ ਕਿ ਮੇਨ ਬਾਜ਼ਾਰ ਕੀਰਤਪੁਰ ਸਾਹਿਬ, ਅੰਬ ਵਾਲਾ ਅੱਡਾ ਤੋਂ ਹੁੰਦੀ ਹੋਈ ਆਪਣੇ ਅਗਲੇ ਪੜਾਵਾਂ ਲਈ ਰਵਾਨਾ ਹੋ ਗਈ ।ਜਿਸ ਦੀ ਸਮਾਪਤੀ ਰਾਮ ਮੰਦਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਵੇਗੀ, ਇਸ ਮੌਕੇ ਸਨਾਤਨ ਧਰਮ ਸਭਾ ਰਜਿ ਦੇ ਪ੍ਰਧਾਨ ਸੁਸ਼ੀਲ ਦੱਤ ਦਵੇਦੀ ਨੇ ਦੱਸਿਆ ਕਿ ਭਗਵਾਨ ਸ੍ਰੀ ਰਾਮ ਜੀ ਜਨਮ ਉਤਸਵ ਨੂੰ ਲੈ ਕੇ ਰਾਮ ਮੰਦਿਰ ਵਿਖੇ ਪ੍ਰੋਗਰਾਮ ਕੀਤੇ ਜਾ ਰਹੇ ਹਨ ,ਜਿਸ ਤਹਿਤ ਅੱਜ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ ਹੈ ਉਹਨਾਂ ਦੱਸਿਆ ਕਿ ਜਿੱਥੇ ਰੋਜਾਨਾ ਰਮਾਇਣ ਦੇ ਪਾਠ ਕੀਤੇ ਜਾਂਦੇ ਹਨ ਉਥੇ ਹੀ ਸਤਿਸੰਗ ਸਭਾ ਦੀਆਂ ਬੀਬੀਆਂ ਵੱਲੋਂ ਬੀਤੇ ਕਈ ਦਿਨਾਂ ਤੋਂ ਭਗਵਾਨ ਰਾਮ ਜੀ ਦਾ ਗੁਣਗਾਨ ਕੀਤਾ ਜਾਂਦਾ, ਉਹਨਾਂ ਦੱਸਿਆ ਕਿ ਕੱਲ 26 ਮਾਰਚ ਨੂੰ ਰਾਮ ਮੰਦਰ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਣਗੇ ,ਇਸ ਮੌਕੇ ਸਨਾਤਨ ਧਰਮ ਸਭਾ ਦੇ ਪ੍ਰਧਾਨ ਸੁਨੀਲ ਦੱਤ ਦੇਵੇਦੀ, ਸੋਮ ਦੱਤ ਜੋਸ਼ੀ ਸਾਬਕਾ ਸਰਪੰਚ, ਕ੍ਰਿਸ਼ਨ ਕਾਂਤ ਬੋਬੀ, ਰਾਮ ਕੁਮਾਰ ਕੌੜਾ, ਵਿਜੇ ਕੁਮਾਰ ਕੌੜਾ, ਬਲਦੇਵ ਕੌੜਾ, ਵੇਦ ਪ੍ਰਕਾਸ਼ ਸ਼ਰਮਾ, ਪੰਡਿਤ ਅਸ਼ੋਕ ਕੁਮਾਰ ਸ਼ਰਧਾ, ਨਰਿੰਦਰ ਗੁਲੇਰੀਆ, ਅਸ਼ੋਕ ਕੁਮਾਰ, ਗਿਆਨ ਚੰਦ ਭਾਗੀਰਥ, ਤਰਸੇਮ ਬਾਬਾ, ਨਰਿੰਦਰ ਭੱਲਾ ਆਦਿ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

## ਭੀਮ ਪੇਮੈਂਟਸ ਐਪ ਨੇ ਐਂਡਰੌਇਡ ਅਤੇ ਆਈਓਐਸ 'ਤੇ ਯੂਪੀਆਈ ਭੁਗਤਾਨ ਲਈ ਬਾਇਓਮੈਟਰਿਕ ਪ੍ਰਮਾਣੀਕਰਨ ਸ਼ੁਰੂ ਕੀਤਾ

ਲੁਧਿਆਣਾ, 25 ਮਾਰਚ, (ਚ.ਨ.ਸ.) : ਐਨਪੀਸੀਐਈ ਭੀਮ ਸਰਵਿਸਿਜ਼ ਲਿਮਿਟੇਡ, ਜੋ ਕਿ ਨੇਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ ਦੀ ਪੂਰੀ ਮਾਲਕੀ ਵਾਲੀ ਸਹਾਇਕ ਕੰਪਨੀ ਹੈ, ਨੇ ਅੱਜ ਭੀਮ ਪੇਮੈਂਟਸ ਐਪ 'ਤੇ ਯੂਪੀਆਈ ਭੁਗਤਾਨ ਲਈ ਬਾਇਓਮੈਟਰਿਕ ਪ੍ਰਮਾਣੀਕਰਨ ਸ਼ੁਰੂ ਕਰਨ ਦਾ ਐਲਾਨ ਕੀਤਾ। ਨਵੀਂ ਫੀਚਰ ਨਾਲ ਯੂਜ਼ਰ ਆਪਣੇ ਸਮਾਰਟਫੋਨ ਦੇ ਫਿੰਗਰਪ੍ਰਿੰਟ ਜਾਂ ਚਿਹਰੇ ਦੀ ਪਛਾਣ ਦੀ ਵਰਤੋਂ ਕਰਕੇ ₹5,000 ਤੱਕ ਦੇ ਯੂਪੀਆਈ ਲੈਣ-ਦੇਣ ਮਨਜ਼ੂਰ ਕਰ ਸਕਦੇ ਹਨ, ਜਿਸ ਨਾਲ ਰੋਜ਼ਾਨਾ ਦੇ ਭੁਗਤਾਨ ਤੇਜ਼, ਸੌਖੇ ਅਤੇ ਜ਼ਿਆਦਾ ਸੁਰੱਖਿਅਤ ਬਣ ਜਾਂਦੇ ਹਨ। ਇਹ ਫੀਚਰ ਇਸ ਵੇਲੇ iOS ਅਤੇ ਐਂਡਰੌਇਡ ਡਿਵਾਈਸਜ਼ ਲਈ ਉਪਲਬਧ ਹੈ, ਜੋ ਫਿੰਗਰਪ੍ਰਿੰਟ ਅਤੇ ਚਿਹਰੇ ਦੀ ਪਛਾਣ ਦੀ ਸਮਰੱਥਾ ਦਾ ਸਮਰਥਨ ਕਰਦਾ ਹੈ।ਇਸ ਲਾਂਚ ਨਾਲ, ਭੀਮ ਯੂਜ਼ਰ ਹਰ ਭੁਗਤਾਨ ਲਈ ਆਪਣਾ ਯੂਪੀਆਈ ਪਿਨ ਮੈਨੂਅਲੀ ਦਰਜ ਕੀਤੇ ਬਿਨਾਂ ਲੈਣ-ਦੇਣ ਕਰ ਸਕਦੇ ਹਨ। ਇਹ ਖਾਸ ਕਰਕੇ ਉਸ ਸਮੇਂ ਮਦਦਗਾਰ ਹੈ ਜਦੋਂ ਯੂਜ਼ਰ ਆਪਣਾ ਪਿਨ ਭੁੱਲ ਜਾਂਦੇ ਹਨ ਜਾਂ ਗਲਤ ਦਰਜ ਕਰਦੇ ਹਨ, ਜਿਸ ਨਾਲ ਭੁਗਤਾਨ ਫੇਲ ਹੋ ਸਕਦੇ ਹਨ, ਅਤੇ ਇਸ ਤਰ੍ਹਾਂ ਤਜਰਬਾ ਸੌਖਾ ਅਤੇ ਭਰੋਸੇਮੰਦ ਬਣ ਜਾਂਦਾ ਹੈ। ਇਹ ਫੀਚਰ ਆਮ ਭੁਗਤਾਨ ਸਥਿਤੀਆਂ ਵਿੱਚ ਵਰਤਿਆ ਜਾ ਸਕਦਾ ਹੈ, ਜਿਵੇਂ ਕਿ ਦੋਸਤਾਂ ਅਤੇ ਪਰਿਵਾਰ ਨੂੰ ਪੈਸਾ ਭੇਜਣਾ, ਵਪਾਰੀ QR ਭੁਗਤਾਨ, ਅਤੇ ਨਲਾਈਨ ਲੈਣ-ਦੇਣ, ਜਿਸ ਨਾਲ ਡਿਜਿਟਲ ਭੁਗਤਾਨ ਰੋਜ਼ਾਨਾ ਵਰਤੋਂ ਲਈ ਜ਼ਿਆਦਾ ਸੁਗਮ ਅਤੇ ਸਮਝਣਯੋਗ ਬਣ ਜਾਂਦੇ ਹਨ।

## ਭਾਰਤੀ ਕਿਸਾਨ-ਮਜ਼ਦੂਰ ਯੂਨੀਅਨ (ਭਾਰਤ) ਦੀ ਮੀਟਿੰਗ

### ਲੋਕਾਂ ਨੂੰ ਜਥੇਬੰਦੀ ਨਾਲ ਜੁੜਨ ਲਈ ਕੀਤਾ ਲਾਮਬੰਦ



ਬਨੂੜ ਸ਼ੰਭੂ 25, ਮਾਰਚ (ਅਮਰਿੰਦਰ ਸਿੰਘ ਮੋਹੀ) ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੀ ਮੀਟਿੰਗ ਲੱਖਾ ਸਿੰਘ ਸਰਪੰਚ ਕਬੂਲਪੁਰ ਮੀਤ ਪ੍ਰਧਾਨ ਪੰਜਾਬ ਦੀ ਅਗਵਾਈ ਵਿੱਚ ਚ ਹੋਈ ਜਿਥੇ ਲੋਕਾਂ ਨੂੰ ਜਥੇਬੰਦੀ ਨਾਲ ਜੁੜਨ ਲਈ ਲਾਮਬੰਦ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਜੋ ਆਮ ਲੋਕਾਂ ਕਿਸਾਨ,ਮਜ਼ਦੂਰ, ਛੋਟੇ ਵਪਾਰੀ ਨੂੰ ਜੋ ਮੁਸੀਬਤਾਂ ਆ ਰਹੀਆਂ ਹਨ ਉਹਨਾਂ ਲਈ ਇੱਕ ਮੁੱਠ ਹੋ ਕੇ ਲੜਾਈ ਲੜਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਸਮੇਂ ਦੀਆਂ ਸਰਕਾਰਾਂ ਸਾਡੀਆਂ ਮੰਗਾਂ ਨੂੰ ਅਣਗੌਲਿਆ ਨਾ ਕਰ ਸਕਣ ਅਤੇ ਅਸੀਂ ਇਕੱਠੇ ਹੋ ਕੇ ਉਹਨਾਂ ਤੋਂ ਆਪਣੀਆਂ ਮੰਗਾਂ ਨੂੰ ਮਨਵਾਇਆਂ ਜਾ ਸਕੇ ਇਸ ਮੌਕੇ ਜਗਵਿੰਦਰ ਸਿੰਘ ਖਰਾਜਪੁਰ ਨੂੰ ਯੂਥ ਮੀਤ ਪ੍ਰਧਾਨ ਰਾਜਪਰਾ ਲਗਾਇਆ ਗਿਆ ਇਹ ਨਿਯੁਕਤੀਆਂ ਕਰਨ ਲਈ ਵਿਸ਼ੇਸ਼ ਤੌਰ ਤੇ ਕੌਮੀ ਪ੍ਰਧਾਨ ਮਨਜੀਤ ਸਿੰਘ ਘੁਮਾਣਾ, ਤੇਜਿੰਦਰ ਸਿੰਘ ਮੋਹੀ ਮੀਤ ਪ੍ਰਧਾਨ ਭਾਰਤ, ਲੱਖਾ ਲੰਬੜਦਾਰ ਸੌਂਟੀ ਜਨਰਲ ਸਕੱਤਰ ਪੰਜਾਬ, ਗੁਰਦੇਵ ਸਿੰਘ ਸਲਾਹਕਾਰ ਪੰਜਾਬ, ਬਲਕਾਰ ਸਿੰਘ ਸੈਦਖੇੜੀ ਸੂਬਾ ਸਕੱਤਰ ਪੰਜਾਬ, ਆਤਮਾ ਸਿੰਘ ਮੀਤ ਪ੍ਰਧਾਨ ਪਟਿਆਲਾ ਪਹੁੰਚੇ ਇਸ ਮੌਕੇ ਗਿਆਨ ਸਿੰਘ, ਮਾਨ ਸਿੰਘ,ਗੋਬਿੰਦ ਸਿੰਘ,ਰੇਸ਼ਮ ਸਿੰਘ, ਮੁਖਤਿਆਰ ਸਿੰਘ, ਹਰਦੇਵ ਸਿੰਘ, ਮੰਗਾ ਸਿੰਘ, ਨਿਟਾ ਸਿੰਘ, ਗੁਰਪ੍ਰੀਤ ਸਿੰਘ, ਰਸਪਾਲ ਸਿੰਘ, ਮੇਗਾ ਸਿੰਘ, ਜੋਗਾ ਸਿੰਘ,ਬੱਗਾ ਸਿੰਘ, ਵਿੱਕੀ ਸਿੰਘ,ਗੁਰਵਿੰਦਰ ਸਿੰਘ,ਵਰਿੰਦਰ ਸਿੰਘ, ਸਾਰੇ ਪਿੰਡ ਖਰਾਜਪੁਰ ਹਾਜ਼ਰ ਸਨ ਜਿਨਾਂ ਨੇ ਵਿਸ਼ਵਾਸ ਦਵਾਇਆ ਕਿ ਅਸੀਂ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਭਾਰਤ ਜਥੇਬੰਦੀ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਾਂਗੇ ਜੋ ਜਥੇਬੰਦੀ ਸਾਡੀ ਡਿਊਟੀ ਲਗਾਊਗੀ ਉਹ ਅਸੀਂ ਤਨਦੇਹੀ ਨਾਲ ਨਿਭਾਵਾਂਗੇ ਤੇ ਆਮ ਲੋਕਾਂ ਦੀ ਮਦਦ ਲਈ ਹਰ ਸਮੇਂ ਤਤਪਰ ਰਹਾਂਗੇ ਅਤੇ ਜਥੇਬੰਦੀ ਨੇ ਜੋ ਭਾਰਤ ਅਮਰੀਕਾ ਫਰੀ ਟਰੇਡ ਡੀਲ ਦੇ ਵਿਰੁੱਧ ਸੰਘਰਸ਼ ਉਲੀਕਿਆ ਹੈ ਉਸ ਵਿੱਚ ਵੱਧ ਚੜ ਕੇ ਯੋਗਦਾਨ ਪਾਵਾਂਗੇ ।

## ਪੰਜਾਬ ਵਿੱਚ ਪਹਿਲੀ ਵਾਰ ਏਸ਼ੀਆ ਪੱਧਰ ਦੀ ਹਾਕੀ ਟ੍ਰਾਫੀ ਦਾ ਆਯੋਜਨ ਮਾਨ ਸਰਕਾਰ ਦੀ ਵੱਡੀ ਪ੍ਰਾਪਤੀ : ਚੇਅਰਮੈਨ ਦੀਪਕ ਸੂਦ



ਰਾਜਪੁਰਾ 25 ਮਾਰਚ (ਮਦਨ ਲਾਲ) ÷ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਹਿਲੀ ਵਾਰ 1791 ਕਰੋੜ ਦੀ ਵੱਡੀ ਰਾਸ਼ੀ ਖੇਡਾਂ ਲਈ ਫੰਡ ਦੇ ਰੂਪ ਵਿੱਚ ਰੱਖੀ ਗਈ ਹੈ ਜੋ ਕਿ ਪੰਜਾਬ ਦੀ ਜਵਾਨੀ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਡਾ ਕਦਮ ਹੈ÷ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਦੀਪਕ ਸੂਦ ਵੱਲੋਂ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ ਗਿਆ।
ਚੇਅਰਮੈਨ ਦੀਪਕ ਸੂਦ ਨੇ ਕਿਹਾ ਕਿ ਮਾਨ ਸਰਕਾਰ ਦੀ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦਾ ਹੀ ਨਤੀਜਾ ਹੈ ਕਿ ਪੰਜਾਬ ਵਿੱਚ ਪਹਿਲੀ ਵਾਰ ਏਸ਼ੀਆ ਪੱਧਰ ਦੀ ਏਸ਼ੀਅਨ ਚੈਂਪੀਅਨਸ਼ਿਪ ਹਾਕੀ ਟ੍ਰਾਫੀ ਹੋਣ ਜਾ ਰਹੀ ਹੈ ਜੋ ਕਿ ਮਾਨ ਸਰਕਾਰ ਦੀ ਵੱਡੀ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਖੇਡਾਂ ਨਾਲ ਜੁੜਿਆ ਨੌਜਵਾਨ ਵਰਗ ਗਲਤ ਪਾਸੇ ਨਹੀਂ ਜਾ ਸਕਦਾ, ਇਸੇ ਲਈ ਮਾਨ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਮੁੱਚੇ ਪੰਜਾਬ ਵਿੱਚ 1350 ਕਰੋੜ ਰੁਪਏ ਨਾਲ 3100 ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, 102 ਕਰੋੜ ਨਾਲ 3000 ਜਿੰਮ ਅਤੇ 50 ਕਰੋੜ ਨਾਲ 17000 ਸਪੋਰਟਸ ਕਿੱਟਾਂ ਯੂਥ ਕਲੱਬਾਂ ਨੂੰ ਦਿੱਤੀਆਂ ਜਾ ਰਹੀਆਂ ਹਨ,ਕੋਚਾਂ ਦੀ ਗਿਣਤੀ ਵਧਾ ਕੇ 2458 ਕੀਤੀ ਗਈ ਹੈ ਅਤੇ 48 ਖਿਡਾਰੀਆਂ ਨੂੰ ਕੋਚ ਵਜੋਂ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸੇ ਪ੍ਰਕਾਰ ਹਰੇਕ ਪਿੰਡ ਵਿੱਚ ਖੇਡਾਂ ਦੀ ਟ੍ਰੇਨਿੰਗ ਦੇਣ ਲਈ ਪਰਸਨਲ ਟਰੇਨਰ ਨਿਯੁਕਤ ਕੀਤੇ ਜਾ ਰਹੇ ਹਨ। ਉਨ੍ਹਾਂ ਏਸ਼ੀਅਨ ਚੈਂਪੀਅਨਸ਼ਿਪ ਹਾਕੀ ਟਰਾਫੀ ਦੇ ਆਯੋਜਨ ਨੂੰ ਪੰਜਾਬ ਦੀ ਆਰਥਿਕਤਾ ਲਈ ਵੀ ਸ਼ੁਭ ਸੰਕੇਤ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ ਅਤੇ ਪੰਜਾਬ ਇੱਕ ਟੂਰਿਸਟ ਹੱਬ ਵਜੋਂ ਵੀ ਹੋਰ ਜ਼ਿਆਦਾ ਪ੍ਰਸਿੱਧੀ ਪ੍ਰਾਪਤ ਕਰੇਗਾ।

## ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਨੇ ਸੂਬਾ ਪੱਧਰੀ ਸਟੇਟ ਐਵਾਰਡ ਕੌਂਸਲ ਸਮਾਗਮ ਕਰਵਾਇਆ




ਨਾਭਾ, 25 ਮਾਰਚ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਭਾਰਤ ਦਾ ਵਿਕਾਸ ਪਰਿਸ਼ਦ ਇਕਾਈ ਨਾਭਾ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਦੀ ਅਗਵਾਈ ਹੇਠ ਸੂਬਾ ਪੱਧਰੀ ਸਟੇਟ ਐਵਾਰਡ ਕੌਂਸਲ ਸਮਾਗਮ ਸ਼੍ਰੀ ਹਨੂਮਾਨ ਮੰਦਿਰ ਬਠਿੰਡੀਆ ਮੁਹੱਲਾ ਵਿਖੇ ਕਰਵਾਇਆ ਗਿਆ। ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਅਕਾਲ ਗਰੁੱਪ ਆਫ ਇੰਸਟੀਚਿਊਟ ਸੰਗਰੂਰ ਪ੍ਰਧਾਨ ਕਰਨਵੀਰ ਸਿੰਘ ਸੀਬੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਵਿੱਚ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਬਿੱਟੂ ਨੇ ਸ਼ਿਰਕਤ ਕਰਦਿਆਂ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਸਟੇਟ ਸਕੱਤਰ ਮੈਡਮ ਡਾ. ਮੀਨਾ ਵੱਲੋਂ ਸੂਬੇ ਭਰ ਵਿੱਚ ਕੀਤੇ ਜਾ ਰਹੇ ਕਾਰਜਾਂ ਬਾਰੇ ਦੱਸਿਆ ਗਿਆ ਅਤੇ ਸਟੇਟ ਕੈਸ਼ੀਅਰ ਨਵਦੀਪ ਗੁਪਤਾ ਵੱਲੋਂ 25/2026 ਸਾਲ ਵਿੱਚ ਖਰਚੇ ਕੀਤੇ ਗਏ ਰੁਪਈਆਂ ਦਾ ਹਿਸਾਬ ਦੱਸਿਆ ਗਿਆ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਵੱਲੋਂ ਆਈਆਂ ਹੋਈਆਂ ਸ਼ਖਸੀਅਤਾਂ ਅਤੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਦੌਰਾਨ ਸੂਬਾ ਪਧਰੀ ਨਵੀਂ ਟੀਮ ਨੂੰ ਚੁਣਿਆ ਗਿਆ, ਜਿਸ ਵਿੱਚ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਬਿੱਟੂ, ਜਨਰਲ ਸਕੱਤਰ ਮੈਡਮ ਮੀਨਾ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ ਸਾਰੇ ਸਾਲ ਦੇ ਪੰਜਾਬ ਈਸਟ ਵਿੱਚ 34 ਟੀਮਾਂ ਹਨ, ਉਹਨਾਂ ਵਿੱਚੋਂ ਸਾਰੇ ਸਾਲ ਦੇ ਕਾਰਜਾਂ ਨੂੰ ਵੇਖਦੇ ਹੋਏ ਪਹਿਲਾ ਸਥਾਨ ਡੇਰਾਬਸੀ ਅਤੇ ਦੂਜਾ ਸਥਾਨ ਪਟਿਆਲਾ ਅਤੇ ਤੀਸਰਾ ਸਥਾਨ ਨਾਭਾ ਇਕਈ ਨੇ ਹਾਸਿਲ ਕੀਤਾ।

ਇਸ ਮੌਕੇ ਪੰਜਾਬ ਪੂਰਬ ਵਿੱਚੋਂ ਆਈਆਂ ਟੀਮਾਂ ਦਾ ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ, ਜੋ ਇਹ ਸਨਮਾਨ ਕੀਤਾ ਗਿਆ ਉਹ ਮੈਂਬਰ ਸ਼ਾਸਤਰੀ ਲਲਿਤ ਸ਼ਰਮਾ ਦੇ ਸਹਿਯੋਗ ਨਾਲ ਨਾਭਾ ਇਕਾਈ ਵੱਲੋਂ ਕੀਤਾ ਗਿਆ। ਇਸ ਸਮਾਗਮ ਵਿੱਚ ਇਸ ਪੰਜਾਬ ਪੂਰਬ ਦੇ ਬਣੇ 12 ਵਿਕਾਸ ਰਤਨਾ ਅਤੇ ਨਾਭਾ ਇਕਾਈ ਵਿੱਚੋਂ ਬਣੇ 7 ਵਿਕਾਸ ਮਿੱਤਰਾਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦੀ ਭੂਮਿਕਾ ਸ਼ਾਸਤਰੀ ਲਲਿਤ ਸ਼ਰਮਾ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸੀਮਾ ਜੋਸ਼ੀ ਭੱਲਾ, ਬ੍ਰਿਜ ਮਹਾਜਨ, ਜੀਤ ਗੋਗੀਆ, ਉਪੇਸ਼ ਬਾਂਸਲ ਜੀ, ਗੀਤਾ ਸਿੰਗਲਾ, ਦਿਵਆ ਜੈਨ, ਓਮ ਪ੍ਰਕਾਸ਼ ਗਰਗ, ਲਲਿਤ ਸ਼ਰਮਾ, ਪ੍ਰਧਾਨ ਨਰਿੰਦਰ ਵਰਮਾ, ਸਕੱਤਰ ਵਿਕਾਸ ਮਿੱਤਲ, ਖ਼ਜ਼ਾਨਚੀ ਅਸ਼ਵਨੀ ਮਦਾਨ, ਹੀਨਾ ਸਿੰਗਲਾ, ਗੀਤਾ ਸਿੰਗਲਾ, ਸੰਜੇ ਢੀਂਗਰਾ, ਉਮੇਸ਼ ਕੁਮਾਰ, ਸ਼ੀਤਲ ਜੈਨ, ਹੰਸ ਰਾਜ ਵਰਮਾ, ਦਰਸ਼ਨ ਕੁਮਾਰ, ਠਾਕਰ ਦਾਸ ਆਦਿ ਮੈਂਬਰ ਹਾਜ਼ਰ ਸਨ।

## ਸ਼ਹੀਦੀ ਦਿਹਾੜੇ ਮੌਕੇ ਬਾਲ ਕਲਾ-ਮੁਕਾਬਲੇ ਕਰਵਾਏ

ਪਟਿਆਲਾ, 25 ਮਾਰਚ (ਚ.ਨ.ਸ.) :ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਸਾਥੀਆਂ ਦੇ 95ਵੇਂ ਸ਼ਹੀਦੀ ਦਿਹਾੜੇ ਮੌਕੇ ਚੌਥੇ ਬਾਲ ਕਲਾ-ਮੁਕਾਬਲੇ ਕਰਵਾਏ ਗਏ। ਸ਼ਹੀਦੀ ਸਮਾਗਮ ਕਮੇਟੀ ਦੇ ਸਲਾਹਕਾਰ ਐਡਵੋਕੇਟ ਰਾਜੀਵ ਲੋਹਟਬੱਧੀ ਨੇ ਦੱਸਿਆ ਕਿ ਹਰ ਸਾਲ ਸ਼ਹੀਦਾਂ ਨੂੰ ਸਮਰਪਿਤ ਸਥਾਨਕ ਕਲੋਨੀਆਂ ਦੇ ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਦੇ ਇਹ ਮੁਕਾਬਲੇ ਉਹਨਾਂ ਅੰਦਰ ਸਿਰਜਣਾਤਮਕ ਰੁਚੀਆਂ ਅਤੇ ਵਿਗਿਆਨਕ ਵਿਚਾਰਾਂ ਦੇ ਵਿਕਾਸ ਦੇ ਉਦੇਸ਼ ਤਹਿਤ ਕਰਵਾਏ ਜਾਂਦੇ ਹਨ। ਇਹਨਾਂ ਮੁਕਾਬਲਿਆਂ ਵਿੱਚ ਰੰਗ ਭਰਨ, ਸ਼ਹੀਦਾਂ ਦਾ ਸਕੈੱਚ ਬਣਾਉਣ, ਸੁੰਦਰ ਲਿਖਾਈ, ਭਾਸ਼ਣ, ਕਵਿਤਾ ਤੇ ਗੀਤ ਮੁਕਾਬਲੇ ਕਰਵਾਏ ਜਾਂਦੇ ਹਨ।ਇਸ ਮੌਕੇ ਪ੍ਰੋ. ਯੋਧਾ ਸਿੰਘ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਭਗਤ ਸਿੰਘ ਦਾ ਅਕਸ ਸਿਰਫ਼ ਬੰਬ-ਬੰਦੂਕਾਂ ਵਾਲਾ ਨਹੀਂ ਹੈ ਉਨ੍ਹਾਂ ਦਾ ਅਸਲ ਅਕਸ ਸੂਝਵਾਨ ਕ੍ਰਾਂਤੀਕਾਰੀ, ਪੜ੍ਹਨ-ਲਿਖਣ ਵਾਲ਼ਾ ਅਤੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਮੱਸਿਆਵਾਂ ਨੂੰ ਵਿਗਿਆਨਕ ਤਰੀਕੇ ਨਾਲ਼ ਹੱਲ ਕਰਨ ਵਾਲੇ ਨਾਇਕ ਦਾ ਹੈ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ 'ਵੋਆਈਸ ਆਫ਼ ਪੰਜਾਬ ਸੀਜ਼ਨ 16' ਦੀ ਜੇਤੂ ਗਾਇਕਾ ਮੰਨਤ ਵੱਲੋਂ ਇਨਕਲਾਬੀ ਗੀਤ ਗਾਏ ਗਏ। ਇਸ ਮੌਕੇ ਕਮੇਟੀ ਮੈਂਬਰ ਪ੍ਰੋ. ਇਕਬਾਲ ਸਿੰਘ ਸੋਮੀਆਂ ਨੇ ਕਲੋਨੀ ਦੀਆਂ ਸਮੱਸਿਆਵਾਂ ਬਾਰੇ ਦੱਸਿਆ ਅਤੇ ਹਾਜ਼ਰ ਕਲੋਨੀ ਵਾਸੀਆਂ ਨੇ ਰੋਸ ਪ੍ਰਗਟ ਕਰਦਿਆਂ ਤੇ ਨਾਅਰੇਬਾਜ਼ੀ ਕਰਕੇ ਸਰਕਾਰ ਤੋਂ ਤੁਰੰਤ ਸਾਰੀਆਂ ਸਮੱਸਿਆਵਾਂ ਹੱਲ ਕਰਵਾਉਣ ਦੀ ਪੁਰਜ਼ੋਰ ਮੰਗ ਕੀਤੀ। ਅੰਤ ਵਿੱਚ ਬਾਲ ਮੁਕਾਬਲਿਆਂ ਦੇ ਜੇਤੂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਅਤੇ ਜੱਜਾਂ ਨੂੰ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਰਵਿੰਦਰ ਰਵੀ, ਡਾ. ਤਰੁਣਪ੍ਰੀਤ ਕੌਰ, ਪ੍ਰੋ. ਮੁਹੰਮਦ ਹਬੀਬ, ਗਾਇਕਾ ਮੰਨਤ, ਮੈਡਮ ਰੇਨੂੰ, ਪੱਲਵੀ ਸ਼ਰਮਾ ਅਤੇ ਪ੍ਰੋ. ਯੋਧਾ ਸਿੰਘ ਨੇ ਜੱਜਾਂ ਦੀ ਭੂਮਿਕਾ ਅਤੇ ਮੈਡਮ ਸੁਮਨ, ਮੈਡਮ ਕਿਰਨਦੀਪ ਕੌਰ, ਮਨਜੀਤ ਸਿੰਘ, ਪ੍ਰਵੀਨ ਸਿੰਘ, ਮਨਜਿੰਦਰ ਸਿੰਘ ਨੇ ਨਿਗਰਾਨ ਦੀ ਭੂਮਿਕਾ ਬਾਖ਼ੂਬੀ ਨਿਭਾਈ।

## ਤੇਜ਼ ਰਫ਼ਤਾਰ ਮੋਟਰਸਾਈਕਲ ਦੀ ਟੱਕਰ ਨਾਲ ਪਿਓ-ਧੀ ਜ਼ਖ਼ਮੀ, ਮਾਮਲਾ ਦਰਜ

ਸਮਾਣਾ, 25 ਮਾਰਚ (ਵਿਜੇ ਕੁਮਾਰ) : ਤੇਜ਼ ਰਫ਼ਤਾਰ ਮੋਟਰਸਾਈਕਲ ਨਾਲ ਟੱਕਰ ਮਾਰ ਕੇ ਬਾਈਕ ਸਵਾਰ ਪਿਓ-ਧੀ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਸਿਟੀ ਪੁਲਸ ਨੇ ਮੋਟਰਸਾਈਕਲ ਚਾਲਕ ਵਿਕਾਸ ਗਰਗ, ਨਿਵਾਸੀ ਸਮਾਣਾ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਜਜਪਾਲ ਸਿੰਘ ਨੇ ਦੱਸਿਆ ਕਿ ਚਰਨਜੀਤ ਸਿੰਘ (ਨਿਵਾਸੀ ਭਾਖੜਾ ਐਨਕਲੇਵ, ਮਾਲੋ ਮਾਜਰਾ ਪਟਿਆਲਾ, ਹਾਲ ਆਬਾਦ ਭਵਾਨੀਗੜ੍ਹ) ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 17 ਮਾਰਚ ਨੂੰ ਜਦੋਂ ਉਹ ਆਪਣੀ ਧੀ ਨਾਲ ਸਹਿਜਪੁਰਾ ਚੌਂਕ ਸਮਾਣਾ ਨੇੜੇ ਜਾ ਰਿਹਾ ਸੀ ਤਾਂ ਮੁਲਜ਼ਮ ਚਾਲਕ ਨੇ ਆਪਣਾ ਤੇਜ਼ ਰਫ਼ਤਾਰ ਮੋਟਰਸਾਈਕਲ ਲਾਪਰਵਾਹੀ ਨਾਲ ਉਹਨਾਂ ਵਿੱਚ ਮਾਰ ਦਿੱਤਾ।ਸੜਕ 'ਤੇ ਡਿੱਗਣ ਕਾਰਨ ਦੋਵੇਂ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ।ਪੁਲਸ ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।




## ਸੰਪਾਦਕੀ

# ਮਹੱਤਵਪੂਰਨ ਫੈਸਲਾ

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਰਾਖਵੀਆਂ ਸ਼੍ਰੇਣੀਆਂ ਅਤੇ ਧਾਰਮਿਕ ਪਰਿਵਰਤਨ ਦੇ ਮੁੱਦੇ 'ਤੇ ਇੱਕ ਸਪੱਸ਼ਟ ਅਤੇ ਮਹੱਤਵਪੂਰਨ ਫੈਸਲਾ ਸੁਣਾਇਆ। ਇਸ ਅਨੁਸਾਰ ਅਨੁਸੂਚਿਤ ਜਾਤੀ ਮੂਲ ਦਾ ਕੋਈ ਵਿਅਕਤੀ ਜਾਂ ਪਰਿਵਾਰ ਜੋ ਹਿੰਦੂ, ਸਿੱਖ ਧਰਮ ਜਾਂ ਬੁੱਧ ਧਰਮ ਤੋਂ ਕਿਸੇ ਹੋਰ ਧਰਮ ਵਿੱਚ ਧਰਮ ਪਰਿਵਰਤਨ ਕਰਦਾ ਹੈ, ਸੁਰੱਖਿਆ, ਰਾਖਵਾਂਕਰਨ ਜਾਂ ਹੋਰ ਕਾਨੂੰਨੀ ਲਾਭਾਂ ਦਾ ਦਾਅਵਾ ਨਹੀਂ ਕਰ ਸਕਦਾ। ਅਜਿਹਾ ਇਸ ਲਈ ਹੈ ਕਿਉਂਕਿ, ਸੰਵਿਧਾਨਕ ਉਪਬੰਧਾਂ ਦੇ ਅਨੁਸਾਰ ਧਰਮ ਪਰਿਵਰਤਨ 'ਤੇ ਉਨ੍ਹਾਂ ਦਾ ਅਨੁਸੂਚਿਤ ਜਾਤੀ ਦਾ ਦਰਜਾ ਖਤਮ ਹੋ ਜਾਂਦਾ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਬਹਿਸ ਵਿੱਚ ਫੈਸਲਾਕੁੰਨ ਮੰਨਿਆ ਜਾ ਰਿਹਾ ਹੈ ਕਿ, ਭਾਵੇਂ ਕੋਈ ਵਿਅਕਤੀ ਕਿਸੇ ਹੋਰ ਧਰਮ ਵਿੱਚ ਧਰਮ ਪਰਿਵਰਤਨ ਕਰ ਚੁੱਕਾ ਹੈ, ਪਰ ਉਨ੍ਹਾਂ ਨੂੰ ਉਨ੍ਹਾਂ ਦੇ ਮੂਲ ਸਮਾਜਿਕ ਪਿਛੋਕੜ ਦੇ ਆਧਾਰ 'ਤੇ ਰਾਖਵੀਆਂ ਸ਼੍ਰੇਣੀਆਂ ਦੇ ਲਾਭ ਮਿਲਣੇ ਚਾਹੀਦੇ ਹਨ। ਅਕਸਰ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ ਜਿੱਥੇ ਲੋਕ ਧਰਮ ਪਰਿਵਰਤਨ ਤੋਂ ਬਾਅਦ ਵੀ ਰਾਖਵੀਆਂ ਸ਼੍ਰੇਣੀਆਂ ਦੇ ਲਾਭਾਂ ਦੇ ਹੱਕਦਾਰ ਹੋਣ ਦਾ ਦਾਅਵਾ ਕਰਦੇ ਹਨ। ਹਾਲਾਂਕਿ, ਅਦਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਜਿਹੇ ਦਾਅਵੇ ਜਾਇਜ਼ ਨਹੀਂ ਹਨ। ਇਹ ਮਾਮਲਾ ਆਂਧਰਾ ਪ੍ਰਦੇਸ਼ ਤੋਂ ਸੁਪਰੀਮ ਕੋਰਟ ਵਿੱਚ ਆਇਆ ਸੀ। ਪਟੀਸ਼ਨਕਰਤਾ ਨੇ ਈਸਾਈ ਧਰਮ ਵਿੱਚ ਧਰਮ ਪਰਿਵਰਤਨ ਕਰਨ ਦੇ ਬਾਵਜੂਦ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਐਕਟ ਦੇ ਮੈਂਬਰ ਹੋਣ ਦਾ ਦਾਅਵਾ ਕੀਤਾ। ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਇੱਕ ਸਬੰਧਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਧਰਮ ਪਰਿਵਰਤਨ ਤੋਂ ਬਾਅਦ ਕਿਸੇ ਵਿਅਕਤੀ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਇਸ ਨੂੰ ਜਾਗਰੂਕਤਾ ਦੀ ਘਾਟ ਕਹੋ ਜਾਂ ਸਿਸਟਮ ਵਿੱਚ ਅਸਪੱਸ਼ਟਤਾ, ਰਾਖਵੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕ ਅਜੇ ਵੀ ਇਹ ਗਲਤ ਧਾਰਨਾ ਰੱਖਦੇ ਹਨ ਕਿ ਜੇਕਰ ਉਹ ਕਿਸੇ ਹੋਰ ਧਰਮ ਵਿੱਚ ਧਰਮ ਪਰਿਵਰਤਨ ਕਰਦੇ ਹਨ ਤਾਂ ਵੀ ਉਹਨਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਐਕਟ ਦੇ ਲਾਭ ਮਿਲਦੇ ਰਹਿਣਗੇ। ਹਾਲਾਂਕਿ, ਸੁਪਰੀਮ ਕੋਰਟ ਨੇ ਹੁਣ ਸਪੱਸ਼ਟ ਕੀਤਾ ਹੈ ਕਿ ਅਜਿਹੇ ਵਿਅਕਤੀ ਨੂੰ ਸੰਵਿਧਾਨ, ਸੰਸਦ ਜਾਂ ਰਾਜ ਵਿਧਾਨ ਸਭਾ ਦੇ ਕਿਸੇ ਵੀ ਕਾਨੂੰਨ ਅਧੀਨ ਕੋਈ ਵੀ ਕਾਨੂੰਨੀ ਲਾਭ, ਸੁਰੱਖਿਆ ਜਾਂ ਰਾਖਵਾਂਕਰਨ ਨਹੀਂ ਦਿੱਤਾ ਜਾ ਸਕਦਾ। ਇਹ ਸਖ਼ਤੀ ਨਾਲ ਵਰਜਿਤ ਹੈ, ਬਿਨਾਂ ਕਿਸੇ ਅਪਵਾਦ ਦੇ। ਮਹੱਤਵਪੂਰਨ ਗੱਲ ਇਹ ਹੈ ਕਿ ਧਰਮ ਪਰਿਵਰਤਨ ਕਰਨ ਵਾਲਿਆਂ ਦੀ ਜਾਤੀ ਸਥਿਤੀ ਸਬੰਧੀ ਸਵਾਲ ਸਿਰਫ਼ ਅਦਾਲਤਾਂ ਤੱਕ ਸੀਮਤ ਨਹੀਂ ਹਨ; ਇਸ ਮੁੱਦੇ ਨੂੰ ਰਾਜਨੀਤਿਕ ਲਾਭ ਅਤੇ ਨੁਕਸਾਨ ਦੇ ਲੈਂਸ ਰਾਹੀਂ ਵੀ ਦੇਖਿਆ ਜਾਂਦਾ ਹੈ। ਕਰਨਾਟਕ ਰਾਜ ਪੱਛੜੇ ਵਰਗ ਕਮਿਸ਼ਨ ਦੁਆਰਾ ਕੀਤੀ ਗਈ ਹਾਲ ਹੀ ਵਿੱਚ ਕੀਤੀ ਗਈ ਜਾਤੀ ਜਨਗਣਨਾ ਨੇ ਵਿਵਾਦ ਪੈਦਾ ਕਰ ਦਿੱਤਾ ਜਦੋਂ ਤੀਹ ਜਾਤੀਆਂ ਨੂੰ ਈਸਾਈ ਭਾਈਚਾਰੇ ਅਧੀਨ ਸੂਚੀਬੱਧ ਕੀਤਾ ਗਿਆ ਸੀ। ਵਿਰੋਧੀ ਧਿਰ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਰਾਜਪਾਲ ਦੇ ਸੁਝਾਅ ਤੋਂ ਬਾਅਦ ਇਨ੍ਹਾਂ ਭਾਈਚਾਰਿਆਂ ਨੂੰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਸੀ, ਹਾਲਾਂਕਿ ਚਾਰ ਸ਼੍ਰੇਣੀਆਂ ਨੂੰ ਬਰਕਰਾਰ ਰੱਖਿਆ ਗਿਆ ਸੀ। ਅਜਿਹੀ ਸਥਿਤੀ ਵਿੱਚ ਇਹ ਪੁੱਛਣਾ ਵੀ ਮਹੱਤਵਪੂਰਨ ਹੈ: ਰਾਖਵੀਆਂ ਸ਼੍ਰੇਣੀਆਂ ਅਤੇ ਧਾਰਮਿਕ ਪਰਿਵਰਤਨ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਆਪਣੇ ਫੈਸਲੇ ਵਿੱਚ ਸਪੱਸ਼ਟੀਕਰਨ ਨੂੰ ਦੇਖਦੇ ਹੋਏ, ਕੀ ਅਜਿਹੀ ਪਹਿਲ ਸਰਕਾਰੀ ਪੱਧਰ 'ਤੇ ਨਹੀਂ ਕੀਤੀ ਜਾ ਸਕਦੀ ਸੀ? ਸੰਵਿਧਾਨ (ਅਨੁਸੂਚਿਤ ਜਾਤੀਆਂ) ਆਦੇਸ਼, 1950, ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ ਕੋਈ ਵੀ ਵਿਅਕਤੀ ਜੋ ਕਿਸੇ ਵੀ ਧਰਮ ਨੂੰ ਤਿਆਗਦਾ ਹੈ ਅਤੇ ਦੂਜਾ ਧਰਮ ਅਪਣਾਉਂਦਾ ਹੈ, ਤੁਰੰਤ ਆਪਣਾ ਅਨੁਸੂਚਿਤ ਜਾਤੀ ਦਰਜਾ ਗੁਆ ਦਿੰਦਾ ਹੈ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀ ਐਕਟ ਦਾ ਸੁਰੱਖਿਆ ਢਾਂਚਾ ਉਨ੍ਹਾਂ ਲੋਕਾਂ ਤੱਕ ਨਹੀਂ ਵਧਾਇਆ ਜਾ ਸਕਦਾ, ਜਿਨ੍ਹਾਂ ਨੇ ਧਰਮ ਪਰਿਵਰਤਨ ਕਰਕੇ ਇਸ ਸਮਾਜਿਕ ਅਤੇ ਕਾਨੂੰਨੀ ਸ਼੍ਰੇਣੀ ਨੂੰ ਛੱਡਣਾ ਚੁਣਿਆ ਹੈ। ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ਹਿੰਦੂ ਧਰਮ ਤੋਂ ਈਸਾਈ ਧਰਮ ਵਿੱਚ ਪਰਿਵਰਤਨ ਕਰਨ ਵਾਲੇ ਵਿਅਕਤੀ ਵਿਰੁੱਧ ਐਸਸੀ/ਐਸਟੀ ਐਕਟ ਤਹਿਤ ਦਰਜ ਐਫਆਈਆਰ ਨੂੰ ਰੱਦ ਕਰ ਦਿੱਤਾ ਗਿਆ ਸੀ। ਹਾਈਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਐਸਸੀ ਦਰਜਾ ਸਿਰਫ ਹਿੰਦੂ ਧਰਮ, ਸਿੱਖ ਧਰਮ ਅਤੇ ਬੁੱਧ ਧਰਮ ਦੇ ਪੈਰੋਕਾਰਾਂ 'ਤੇ ਲਾਗੂ ਹੁੰਦਾ ਹੈ। ਜੋ ਲੋਕ ਕਿਸੇ ਹੋਰ ਧਰਮ ਵਿੱਚ ਪਰਿਵਰਤਨ ਕਰਦੇ ਹਨ, ਉਹ ਆਪਣਾ ਐਸਸੀ ਦਰਜਾ ਗੁਆ ਦਿੰਦੇ ਹਨ।

**-ਜਗਜੀਤ ਸਿੰਘ ਦਰਦੀ**

---

### ਆਨਲਾਈਨ ਮੀਡੀਆ ਹੁਣ ਹੋਰ ਸਖ਼ਤ ਕਾਨੂੰਨਾਂ ਹੇਠ

# ਇਸ ਡਿਜੀਟਲ ਯੁੱਗ ਵਿੱਚ ਆਜ਼ਾਦੀ ਅਤੇ ਜ਼ਿੰਮੇਵਾਰੀ ਵਿਚਕਾਰ ਤਕਰਾਰ ਤੇ ਲੋਕਤੰਤਰ ਦਾ ਮੁੱਦਾ?

### ਹੁਣ ਗ੍ਰਹਿ, ਵਿਦੇਸ਼, ਰੱਖਿਆ ਅਤੇ ਸੂਚਨਾ-ਪ੍ਰਸਾਰਣ ਮੰਤਰਾਲਿਆਂ ਨੂੰ ਵੀ ਸਮੱਗਰੀ ਬਲਾਕ ਕਰਨ ਦਾ ਅਧਿਕਾਰ ਦੇਣ ਦੀ ਗੱਲ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਭਾਰਤ ਸਰਕਾਰ ਵੱਲੋਂ ਆਨਲਾਈਨ ਮੀਡੀਆ 'ਤੇ ਅਸ਼ਲੀਲ ਤੇ ਨਫ਼ਰਤੀ ਸਮੱਗਰੀ ਉੱਤੇ ਸਖ਼ਤੀ ਵਧਾਉਣ ਦੀਆਂ ਤਿਆਰੀਆਂ ਦੀ ਖਬਰਾਂ ਸਾਹਮਣੇ ਆਈਆਂ ਹਨ। ਇਹ ਭਾਰਤ ਵਿੱਚ ਆਨਲਾਈਨ ਸਮੱਗਰੀ ਨਿਯੰਤਰਣ ਦੀ ਨਵੀਂ ਲਹਿਰ ਹੈ ਜੋ ਲੱਗਦਾ ਹੈ ਕਿ ਇਹਨਾਂ ਦਿਨਾਂ ਵਿੱਚ ਅਤੀ ਜ਼ਰੂਰੀ ਹੋ ਗਈ ਹੈ ਤੇ ਸਰਕਾਰ ਦਾ ਪੱਖ ਇਹ ਹੈ ਕਿ ਸਮਾਜ ਵਿੱਚ ਆਪਣੇ ਅਧਿਕਾਰਾਂ ਦੇ ਨਾਲ ਆਪਣੇ ਫਰਜ਼ ਵੀ ਸਮਝਣੇ ਚਾਹੀਦੇ ਹਨ ਅਤੇ ਇਹ ਅਧਿਕਾਰ ਸਰਕਾਰ ਨੂੰ ਹੈ ਕਿ ਸਰਕਾਰ ਵਿੱਚ ਸਮਰਸਤਾ ਬਣਾਈ ਰੱਖੇ ਤੇ ਅਜਿਹੇ ਕੰਟੈਂਟ 'ਤੇ ਪਾਬੰਦੀ ਲਗਾਵੇ ਜੋ ਸਮਾਜ ਨੂੰ ਵੰਡਦਾ ਹੈ। ਅੱਜ ਆਜ਼ਾਦੀ, ਸੁਰੱਖਿਆ ਅਤੇ ਡਿਜੀਟਲ ਲੋਕਤੰਤਰ ਦਾ ਭਵਿੱਖ ਕੀ ਹੋਵੇਗਾ ਹੁਣ ਭਾਰਤੀ ਸਰਕਾਰ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਇੱਕ ਘੰਟੇ ਦੀ ਸਖ਼ਤ ਸਮਾਂ-ਸੀਮਾ ਲਗਾਉਣ ਅਤੇ ਆਈਟੀ ਨਿਯਮਾਂ ਵਿੱਚ ਵਧੇਰੇ ਸੋਧਾਂ ਦੀ ਤਿਆਰੀ ਇੱਕ ਅਜਿਹਾ ਕਦਮ ਹੈ ਜੋ ਡਿਜੀਟਲ ਯੁੱਗ ਵਿੱਚ ਰਾਜਨੀਤੀ, ਆਜ਼ਾਦੀ ਅਤੇ ਨਿਯੰਤਰਣ ਵਿਚਕਾਰ ਵਧਦੀ ਟਕਰਾਅ ਨੂੰ ਉਜਾਗਰ ਕਰਦਾ ਹੈ।

ਫਰਵਰੀ 2026 ਵਿੱਚ ਆਈਟੀ ਨਿਯਮਾਂ ਵਿੱਚ ਕੀਤੀਆਂ ਸੋਧਾਂ ਤੋਂ ਬਾਅਦ, ਜਿਸ ਵਿੱਚ ਗੈਰ-ਕਾਨੂੰਨੀ ਸਮੱਗਰੀ ਨੂੰ ਹਟਾਉਣ ਦੀ ਸਮਾਂ-ਸੀਮਾ 36 ਘੰਟਿਆਂ ਤੋਂ ਘਟਾ ਕੇ 2-3 ਘੰਟੇ ਕਰ ਦਿੱਤੀ ਗਈ ਸੀ, ਹੁਣ ਸਰਕਾਰ ਇਸ ਨੂੰ ਹੋਰ ਘਟਾ ਕੇ ਇੱਕ ਘੰਟਾ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਤੋਂ ਇਲਾਵਾ, ਗ੍ਰਹਿ, ਵਿਦੇਸ਼, ਰੱਖਿਆ ਅਤੇ ਸੂਚਨਾ-ਪ੍ਰਸਾਰਣ ਮੰਤਰਾਲਿਆਂ ਨੂੰ ਵੀ ਸਮੱਗਰੀ ਬਲਾਕ ਕਰਨ ਦਾ ਅਧਿਕਾਰ ਦੇਣ ਅਤੇ ਔਨਲਾਈਨ ਅਸ਼ਲੀਲ ਤੇ ਨਫ਼ਰਤੀ ਸਮੱਗਰੀ ਉੱਤੇ ਸਖ਼ਤੀ ਵਧਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਅੱਜ ਇਹ ਉਪਾਅ ਇੱਕ ਪਾਸੇ ਤੋਂ ਗੈਰ-ਕਾਨੂੰਨੀ ਤੱਤਾਂ, ਡੀਪਫੇਕ, ਅਸ਼ਲੀਲ ਤੇ ਫੇਕ ਨਿਊਜ਼ ਨੂੰ ਰੋਕਣ ਦਾ ਦਾਅਵਾ ਕਰਦੇ ਹਨ, ਤਾਂ ਦੂਜੇ ਪਾਸੇ ਆਲੋਚਕ ਇਸ ਨੂੰ ਬੋਲਣ ਦੀ ਆਜ਼ਾਦੀ ਉੱਤੇ ਹਮਲਾ ਮੰਨਦੇ ਹਨ। ਇਸ ਸੰਪਾਦਕੀ ਵਿੱਚ ਅਸੀਂ ਇਸ ਪ੍ਰਸਤਾਵ ਦੇ ਸਾਰੇ ਪੱਖਾਂ ਉੱਤੇ ਰੋਸ਼ਨੀ ਪਾਉਂਦੇ ਹਾਂ-ਸਰਕਾਰੀ ਤਰਕ, ਤਕਨੀਕੀ ਚੁਣੌਤੀਆਂ, ਰਾਜਨੀਤਿਕ ਪ੍ਰਭਾਵ, ਵਿਰੋਧੀ ਧਿਰਾਂ ਅਤੇ ਮੀਡੀਆ ਦੀ ਨਜ਼ਰੀਆ ਤੋਂ ਸਰਕਾਰ ਦਾ ਤਰਕ ਹੈ ਕਿ ਸੁਰੱਖਿਆ ਅਤੇ ਜਨਤਕ ਹਿਤ ਦੀ ਰੱਖਿਆ ਲਈ ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਭਾਰਤ ਵਿੱਚ ਇੱਕ ਬਿਲੀਅਨ ਤੋਂ ਵੱਧ ਇੰਟਰਨੈੱਟ ਉਪਭੋਗਤਾਵਾਂ ਵਾਲੇ ਇਸ ਡਿਜੀਟਲ ਯੁੱਗ ਵਿੱਚ ਗੈਰ-ਕਾਨੂੰਨੀ ਸਮੱਗਰੀ ਦਾ ਤੇਜ਼ੀ ਨਾਲ ਫੈਲਣਾ ਰਾਸ਼ਟਰੀ ਸੁਰੱਖਿਆ, ਸਮਾਜਿਕ ਏਕਤਾ ਅਤੇ ਵਿਅਕਤੀਗਤ ਇੱਜ਼ਤ ਲਈ ਖ਼ਤਰਾ ਬਣ ਗਿਆ ਹੈ। ਫਰਵਰੀ 2026 ਦੀਆਂ ਸੋਧਾਂ ਤੋਂ ਬਾਅਦ, ਜਿਸ ਵਿੱਚ ਗੈਰ-ਸਹਿਮਤੀ ਵਾਲੀਆਂ ਨਿੱਜੀ ਤਸਵੀਰਾਂ ਨੂੰ 2 ਘੰਟਿਆਂ ਵਿੱਚ ਅਤੇ ਹੋਰ ਗੈਰ-ਕਾਨੂੰਨੀ ਸਮੱਗਰੀ ਨੂੰ 3 ਘੰਟਿਆਂ ਵਿੱਚ ਹਟਾਉਣ ਦਾ ਹੁਕਮ ਹੈ, ਸਰਕਾਰ ਹੁਣ ਇੱਕ ਘੰਟੇ ਦੀ ਸੀਮਾ 'ਤੇ ਵਿਚਾਰ ਕਰ ਰਹੀ ਹੈ ਤਾਂ ਜੋ ਵਾਇਰਲ ਹੋਣ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ। ਇਸ ਨਾਲ ਡੀਪਫੇਕ, ਨਫ਼ਰਤੀ ਭਾਸ਼ਣ, ਅਸ਼ਲੀਲ ਕੰਟੈਂਟ ਅਤੇ ਫੇਕ ਨਿਊਜ਼ ਉੱਤੇ ਤੇਜ਼ੀ ਨਾਲ ਕਾਬੂ ਪਾਇਆ ਜਾ ਸਕਦਾ ਹੈ। ਸਰਕਾਰੀ ਸੂਤਰਾਂ ਅਨੁਸਾਰ ਇਹ ਫੈਸਲਾ ਪਲੇਟਫਾਰਮਾਂ ਦੀ ਮੌਜੂਦਾ 2-3 ਘੰਟੇ ਦੀ ਪਾਲਣਾ ਉੱਤੇ ਨਿਰਭਰ ਕਰੇਗਾ। ਜੇਕਰ ਕੰਪਨੀਆਂ ਇਸ ਨੂੰ ਠੀਕ ਤਰ੍ਹਾਂ ਲਾਗੂ ਕਰਦੀਆਂ ਹਨ ਤਾਂ ਇੱਕ ਘੰਟੇ ਵੱਲ ਵਧਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਸਮਾਨਾਂਤਰ ਬਲਾਕਿੰਗ ਪ੍ਰਣਾਲੀ ਵਧਾਉਣ ਅਤੇ ਡਿਜੀਟਲ ਨਿਊਜ਼ ਤੇ ਓਟੀਟੀ ਪਲੇਟਫਾਰਮਾਂ ਉੱਤੇ ਅਸ਼ਲੀਲ ਸਮੱਗਰੀ ਰੋਕਣ ਲਈ ਨਵੀਆਂ ਧਾਰਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ।

ਅੱਜ ਇਸ ਤੋਂ ਪਹਿਲਾਂ ਵੀ ਸਰਕਾਰ ਨੇ ਕਈ ਓਟੀਟੀ ਪਲੇਟਫਾਰਮਾਂ ਨੂੰ ਅਸ਼ਲੀਲਤਾ ਲਈ ਬਲਾਕ ਕੀਤਾ ਹੈ, ਜਿਸ ਨੂੰ ਜਨਤਕ ਭਲਾਈ ਵਜੋਂ ਜਾਇਜ਼ ਠਹਿਰਾਇਆ ਗਿਆ। ਇਸ ਉਪਾਅ ਨਾਲ ਰਾਸ਼ਟਰੀ ਸੁਰੱਖਿਆ ਨਾਲ ਜੁੜੀਆਂ ਗੱਲਾਂ, ਵਿਦੇਸ਼ੀ ਤਾਕਤਾਂ ਵੱਲੋਂ ਫੈਲਾਈ ਜਾਣ ਵਾਲੀ ਗਲਤਫਹਿਮੀ ਅਤੇ ਬੱਚਿਆਂ ਉੱਤੇ ਪੈਣ ਵਾਲੇ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ। ਸਰਕਾਰ ਦਾ ਤਰਕ ਹੈ ਕਿ ਇੰਟਰਨੈੱਟ ਇੱਕ ਅਜਿਹਾ ਖੇਤਰ ਹੈ, ਜਿੱਥੇ ਇੱਕ ਘੰਟੇ ਵਿੱਚ ਵੀ ਲੱਖਾਂ ਲੋਕਾਂ ਤੱਕ ਗਲਤ ਸਮੱਗਰੀ ਪਹੁੰਚ ਸਕਦੀ ਹੈ, ਇਸ ਲਈ ਤੇਜ਼ੀ ਲਾਜ਼ਮੀ ਹੈ। ਇਸ ਨਾਲ ਆਈਟੀ ਐਕਟ 2000 ਦੀ ਧਾਰਾ 69ਏ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਰਿਹਾ ਹੈ, ਜਿਸ ਤਹਿਤ ਇਸ ਵੇਲੇ ਸਿਰਫ਼ ਆਈਟੀ ਮੰਤਰਾਲੇ ਕੋਲ ਬਲਾਕਿੰਗ ਦਾ ਅਧਿਕਾਰ ਹੈ। ਹੁਣ ਇਸ ਨੂੰ ਵਧਾ ਕੇ ਹੋਰ ਮੰਤਰਾਲਿਆਂ ਨੂੰ ਦੇਣ ਨਾਲ ਫੈਸਲੇ ਤੇਜ਼ ਹੋਣਗੇ ਅਤੇ ਵਿਭਾਗੀ ਤਾਲਮੇਲ ਵਧੇਗਾ। **ਤਕਨੀਕੀ ਅਤੇ ਵਿਹਾਰਕ ਚੁਣੌਤੀਆਂ**: ਪਲੇਟਫਾਰਮਾਂ ਦੀ ਚਿੰਤਾ ਸੋਸ਼ਲ ਮੀਡੀਆ ਕੰਪਨੀਆਂ, ਖਾਸ ਕਰਕੇ ਮੈਟਾ, ਗੂਗਲ ਅਤੇ ਐਕਸ (ਪਹਿਲਾਂ ਟਵਿਟਰ), ਨੇ ਇਨ੍ਹਾਂ ਨਿਯਮਾਂ ਉੱਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਮੈਟਾ ਵੱਲੋਂ ਕਿਹਾ ਗਿਆ ਹੈ ਕਿ ਇੰਨੀ ਛੋਟੀ ਸਮਾਂ-ਸੀਮਾ ਵਿੱਚ ਸਮੱਗਰੀ ਦੀ ਸਹੀ ਪਛਾਣ, ਸੰਦਰਭ ਵਿਸ਼ਲੇਸ਼ਣ ਅਤੇ ਹਟਾਉਣ ਲਈ ਤਕਨੀਕੀ ਅਤੇ ਕਾਰਜਸ਼ੀਲ ਮੁਸ਼ਕਲਾਂ ਆਉਂਦੀਆਂ ਹਨ। ਇੱਕ ਘੰਟੇ ਵਿੱਚ ਤਾਂ ਇਹ ਵੀ ਔਖਾ ਹੋ ਜਾਵੇਗਾ ਕਿ ਕੀ ਸਮੱਗਰੀ ਸੱਚਮੁੱਚ ਗੈਰ-ਕਾਨੂੰਨੀ ਹੈ ਜਾਂ ਇੱਕ ਜਾਇਜ਼ ਆਲੋਚਨਾ। ਇਸ ਨਾਲ ਆਟੋਮੇਟਿਡ ਟੂਲਜ਼ ਉੱਤੇ ਨਿਰਭਰਤਾ ਵਧੇਗੀ, ਜਿਸ ਵਿੱਚ ਗਲਤੀਆਂ ਦਾ ਖ਼ਤਰਾ ਵੱਧ ਜਾਵੇਗਾ ਅਤੇ ਜਾਇਜ਼ ਸਮੱਗਰੀ ਵੀ ਹਟਾਈ ਜਾ ਸਕਦੀ ਹੈ।

ਕਾਨੂੰਨੀ ਤਜਰਬੇਕਾਰਾਂ ਅਨੁਸਾਰ, ਇੰਨੀ ਛੋਟੀ ਸੀਮਾ ਨਾਲ ਪਲੇਟਫਾਰਮਾਂ ਲਈ ਮਨੁੱਖੀ ਰਿਵਿਊ ਲਗਭਗ ਅਸੰਭਵ ਹੋ ਜਾਵੇਗਾ ਅਤੇ ਇਹ ਉਹਨਾਂ ਨੂੰ 'ਰੈਪਿਡ ਫਾਇਰ ਸੈਂਸਰ' ਬਣਾ ਦੇਵੇਗਾ। ਇਸ ਤੋਂ ਇਲਾਵਾ, ਏਆਈ ਲੇਬਲਿੰਗ ਅਤੇ ਗ੍ਰੀਵੈਂਸ ਰਿਜ਼ੋਲਵਲ ਦੀਆਂ ਛੋਟੀਆਂ ਤਰੀਕਾਂ ਵੀ ਚੁਣੌਤੀਆਂ ਪੈਦਾ ਕਰ ਰਹੀਆਂ ਹਨ। ਪਲੇਟਫਾਰਮਾਂ ਦਾ ਕਹਿਣਾ ਹੈ ਕਿ ਭਾਰਤ ਵਰਗੇ ਵੱਡੇ ਬਜ਼ਾਰ ਵਿੱਚ ਇਸ ਨੂੰ ਲਾਗੂ ਕਰਨ ਲਈ ਵੱਡੀ ਇਨਫਰਾਸਟ੍ਰਕਚਰ ਲੋੜੀਂਦੀ ਹੈ, ਜਿਸ ਲਈ ਸਰਕਾਰ ਨਾਲ ਵਧੇਰੇ ਗੱਲਬਾਤ ਹੋਣੀ ਚਾਹੀਦੀ ਹੈ।

ਉਧਰ ਸਰਕਾਰ ਨੇ ਇਸ ਤਰ੍ਹਾਂ ਦੀਆਂ ਚਿੰਤਾਵਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਦੇਸ਼ ਸੁਰੱਖਿਆ ਹੈ ਅਤੇ ਪਾਲਣਾ ਲਾਜ਼ਮੀ ਹੈ। **ਰਾਜਨੀਤਿਕ ਪਾਰਟੀਆਂ ਉੱਤੇ ਪ੍ਰਭਾਵ**: ਵਿਰੋਧੀ ਧਿਰਾਂ ਅਤੇ ਭਾਜਪਾ ਦਾ ਨਜ਼ਰੀਆ ਇਸ ਨਿਯਮਾਂ ਦਾ ਰਾਜਨੀਤਿਕ ਪ੍ਰਭਾਵ ਬਹੁਤ ਡੂੰਘਾ ਹੈ। ਵਿਰੋਧੀ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ, ਇਸ ਨੂੰ 'ਸੈਂਸਰਸ਼ਿਪ' ਅਤੇ 'ਆਜ਼ਾਦੀ ਉੱਤੇ ਹਮਲਾ' ਵਜੋਂ ਵੇਖ ਰਹੀਆਂ ਹਨ। ਉਹਨਾਂ ਦਾ ਦਾਅਵਾ ਹੈ ਕਿ ਮੋਦੀ ਸਰਕਾਰ ਇਸ ਰਾਹੀਂ ਆਪਣੀ ਆਲੋਚਨਾ ਕਰਨ ਵਾਲੀ ਸਮੱਗਰੀ ਨੂੰ ਤੇਜ਼ੀ ਨਾਲ ਬਲਾਕ ਕਰਨਾ ਚਾਹੁੰਦੀ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਵਿਰੋਧੀ ਖਾਤਿਆਂ ਉੱਤੇ ਬਲਾਕਿੰਗ ਦੇ ਮਾਮਲੇ ਸਾਹਮਣੇ ਆਏ ਹਨ, ਜਿਸ ਨੂੰ ਕਾਂਗਰਸ ਨੇ 'ਵਿਰੋਧੀ ਆਵਾਜ਼ਾਂ ਨੂੰ ਦਬਾਉਣ' ਵਜੋਂ ਬਿਆਨ ਕੀਤਾ ਹੈ। ਉਹਨਾਂ ਅਨੁਸਾਰ, ਇੱਕ ਘੰਟੇ ਦੀ ਸੀਮਾ ਨਾਲ ਆਟੋਮੇਟਿਡ ਓਵਰ-ਰਿਮੂਵਲ ਵਧੇਗਾ ਅਤੇ ਰਾਜਨੀਤਿਕ ਵਿਰੋਧ ਨੂੰ ਅਸਾਨੀ ਨਾਲ ਰੋਕਿਆ ਜਾ ਸਕੇਗਾ। ਭਾਜਪਾ ਅਤੇ ਸਰਕਾਰ ਵੱਲੋਂ ਇਸ ਨੂੰ ਰਾਸ਼ਟਰੀ ਹਿੱਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਉਹ ਕਹਿੰਦੇ ਹਨ ਕਿ ਵਿਰੋਧੀ ਧਿਰਾਂ ਫੇਕ ਨਿਊਜ਼ ਅਤੇ ਨਫ਼ਰਤੀ ਭਾਸ਼ਣ ਫੈਲਾਉਂਦੀਆਂ ਹਨ, ਜਿਸ ਨੂੰ ਰੋਕਣ ਲਈ ਇਹ ਉਪਾਅ ਲਾਜ਼ਮੀ ਹਨ।

ਅੱਜ ਸਰਕਾਰ ਨਾਲ ਜੁੜੀਆਂ ਆਵਾਜ਼ਾਂ ਇਸ ਨੂੰ 'ਸਮਾਜਿਕ ਏਕਤਾ' ਲਈ ਜ਼ਰੂਰੀ ਮੰਨਦੀਆਂ ਹਨ। ਇਸ ਤੋਂ ਇਲਾਵਾ, ਚੋਣਾਂ ਵਾਲੇ ਸਮੇਂ ਵਿੱਚ ਇਸ ਦਾ ਰਾਜਨੀਤਿਕ ਇਸਤੇਮਾਲ ਹੋਣ ਦੀ ਆਸ ਵੀ ਹੈ, ਜਿਸ ਨਾਲ ਵਿਰੋਧੀ ਧਿਰਾਂ ਦੀ ਆਨਲਾਈਨ ਮੌਜੂਦਗੀ ਘਟ ਸਕਦੀ ਹੈ। ਇਹ ਰਾਜਨੀਤੀ ਨੂੰ ਡਿਜੀਟਲ ਖੇਤਰ ਵਿੱਚ ਵੀ ਧਰੁਵੀ ਬਣਾ ਸਕਦਾ ਹੈ, ਜਿੱਥੇ ਸੱਤਾ ਧਿਰ ਆਪਣੇ ਖਿਲਾਫ ਆਵਾਜ਼ਾਂ ਨੂੰ ਤੇਜ਼ੀ ਨਾਲ ਰੋਕ ਸਕਦੀ ਹੈ। ਜਨਤਾ ਅਤੇ ਜੀਐੱਨ ਐੱਸਓ ਦਾ ਮਸਲਾ ਜਨਤਾ ਲਈ ਇਸ ਦਾ ਮਤਲਬ ਇਹ ਹੈ ਕਿ ਔਨਲਾਈਨ ਆਜ਼ਾਦੀ ਘੱਟ ਸਕਦੀ ਹੈ। ਇੰਟਰਨੈੱਟ ਫ੍ਰੀਡਮ ਫਾਊਂਡੇਸ਼ਨ ਵਰਗੀਆਂ ਸੰਸਥਾਵਾਂ ਚੇਤਾਵਨੀ ਦਿੰਦੀਆਂ ਹਨ ਕਿ ਛੋਟੀਆਂ ਸੀਮਾਵਾਂ ਨਾਲ ਪਲੇਟਫਾਰਮ ਆਟੋਮੈਟਿਕ ਤੌਰ ਉੱਤੇ ਵੱਧ ਸਮੱਗਰੀ ਹਟਾਉਣ ਲੱਗਣਗੇ, ਜਿਸ ਵਿੱਚ ਆਮ ਲੋਕਾਂ ਦੀਆਂ ਜਾਇਜ਼ ਆਵਾਜ਼ਾਂ ਵੀ ਦਬ ਸਕਦੀਆਂ ਹਨ।

ਸਵਾਲ ਇਹ ਹੈ ਕਿ ਇਸ ਨਾਲ ਸੈਲਫ-ਸੈਂਸਰਸ਼ਿਪ ਵਧੇਗੀ - ਲੋਕ ਆਪਣੀ ਰਾਏ ਤੋਂ ਡਰ ਕੇ ਚੁੱਪ ਰਹਿਣਗੇ। ਖਾਸ ਕਰਕੇ ਯੂਥ ਅਤੇ ਐਕਟਿਵਿਸਟਸ ਲਈ ਇਹ ਚਿੰਤਾਜਨਕ ਹੈ, ਕਿਉਂਕਿ ਉਹਨਾਂ ਦੀਆਂ ਆਵਾਜ਼ਾਂ ਰਾਸ਼ਟਰੀ ਮੁੱਦਿਆਂ ਉੱਤੇ ਚਰਚਾ ਲਈ ਮਹੱਤਵਪੂਰਨ ਹਨ। ਇਸ ਤੋਂ ਇਲਾਵਾ, ਅਸ਼ਲੀਲ ਕੰਟੈਂਟ ਉੱਤੇ ਸਖ਼ਤੀ ਲਈ ਓਟੀਟੀ ਅਤੇ ਡਿਜੀਟਲ ਨਿਊਜ਼ ਉੱਤੇ ਨਵੀਆਂ ਧਾਰਾਵਾਂ ਵੀ ਜਨਤਾ ਉੱਤੇ ਅਸਰ ਕਰਨਗੀਆਂ। ਇੱਕ ਪਾਸੇ ਤੋਂ ਬੱਚਿਆਂ ਦੀ ਰੱਖਿਆ ਹੋਵੇਗੀ, ਦੂਜੇ ਪਾਸੇ ਰਚਨਾਤਮਕ ਤੇ ਵਿਚਾਰਧਾਰਕ ਸਮੱਗਰੀ ਵੀ ਪ੍ਰਭਾਵਿਤ ਹੋ ਸਕਦੀ ਹੈ। ਅੱਜ ਮੀਡੀਆ ਦਾ ਨਜ਼ਰੀਆ ਹਰ ਆਜ਼ਾਦੀ ਉੱਤੇ ਖ਼ਤਰਾ ਜਾਂ ਜ਼ਰੂਰੀ ਨਿਯੰਤਰਣ ਰੱਖਣਾ ਹੈ? ਮੀਡੀਆ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਵੇਖ ਰਿਹਾ ਹੈ। ਮੁੱਖਧਾਰਾ ਮੀਡੀਆ, ਖਾਸ ਕਰਕੇ ਸਰਕਾਰ-ਪੱਖੀ ਚੈਨਲਾਂ ਵੱਲੋਂ ਇਸ ਨੂੰ 'ਜਨਤਕ ਭਲਾਈ' ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਉਹ ਕਹਿੰਦੇ ਹਨ ਕਿ ਇਹ ਫੇਕ ਨਿਊਜ਼ ਅਤੇ ਨਫ਼ਰਤ ਰੋਕਣ ਲਈ ਜ਼ਰੂਰੀ ਹੈ। ਉਲਟ, ਆਜ਼ਾਦ ਮੀਡੀਆ ਅਤੇ ਡਿਜੀਟਲ ਜਰਨਲਿਸਟ ਇਸ ਨੂੰ 'ਪ੍ਰੈੱਸ ਫ੍ਰੀਡਮ ਉੱਤੇ ਹਮਲਾ' ਮੰਨਦੇ ਹਨ। ਉਹਨਾਂ ਅਨੁਸਾਰ, ਇੱਕ ਘੰਟੇ ਦੀ ਸੀਮਾ ਨਾਲ ਤੁਰੰਤ ਬਲਾਕਿੰਗ ਵਧੇਗੀ ਅਤੇ ਆਲੋਚਨਾਤਮਕ ਰਿਪੋਰਟਿੰਗ ਦਬਾਈ ਜਾ ਸਕਦੀ ਹੈ। ਇੰਟਰਨੈੱਟ ਫ੍ਰੀਡਮ ਗਰੁੱਪਾਂ ਅਨੁਸਾਰ, ਇਹ ਭਾਰਤ ਨੂੰ ਚੀਨ ਵਰਗੇ ਮਾਡਲ ਵੱਲ ਲੈ ਜਾ ਰਿਹਾ ਹੈ, ਜਿੱਥੇ ਸਰਕਾਰ ਆਨਲਾਈਨ ਆਵਾਜ਼ਾਂ ਨੂੰ ਪੂਰੀ ਤਰ੍ਹਾਂ ਨਿਯੰਤਰਿਤ ਕਰਦੀ ਹੈ। ਇਸ ਨਾਲ ਮੀਡੀਆ ਦੀ ਭੂਮਿਕਾ ਘਟ ਸਕਦੀ ਹੈ ਅਤੇ ਲੋਕ ਔਨਲਾਈਨ ਚਰਚਾਵਾਂ ਤੋਂ ਦੂਰ ਹੋ ਸਕਦੇ ਹਨ। ਜਾਰਜ ਓਰਵੈਲ ਦਾ ਚੇਤਾਵਨੀ ਭਰਿਆ ਸੰਦੇਸ਼ ਜਾਰਜ ਓਰਵੈਲ ਦੀ ਰਚਨਾ 1984 ਵਿੱਚ ਉਸ ਨੇ ਲਿਖਿਆ ਸੀ: 'ਅੰਤ ਵਿੱਚ ਅਸੀਂ ਸੋਚ-ਵਿਚਾਰ ਨੂੰ ਅਪਰਾਧ ਬਣਾ ਦੇਵਾਂਗੇ, ਕਿਉਂਕਿ ਇਸ ਨੂੰ ਪ੍ਰਗਟ ਕਰਨ ਲਈ ਕੋਈ ਸ਼ਬਦ ਨਹੀਂ ਬਚਣਗੇ।' ਇਹ ਉਪਾਅ ਇਸੇ ਵੱਲ ਇਸ਼ਾਰਾ ਕਰਦਾ ਹੈ - ਜਿੱਥੇ ਸਰਕਾਰੀ ਨਿਯੰਤਰਣ ਨਾਲ ਆਜ਼ਾਦ ਵਿਚਾਰਧਾਰਾ ਘਟਦੀ ਹੈ ਅਤੇ ਲੋਕ ਆਪਣੀ ਰਾਏ ਤੋਂ ਡਰਨ ਲੱਗਦੇ ਹਨ। ਓਰਵੈਲ ਨੇ ਚਿਤਾਵਨੀ ਦਿੱਤੀ ਸੀ ਕਿ ਭਾਸ਼ਾ ਅਤੇ ਵਿਚਾਰ ਨੂੰ ਨਿਯੰਤਰਿਤ ਕਰਨ ਨਾਲ ਲੋਕਤੰਤਰ ਖਤਮ ਹੋ ਜਾਂਦਾ ਹੈ।

ਜੇਕਰ ਇਹ ਤਾਲਮੇਲ ਟੁੱਟਿਆ ਤਾਂ ਓਰਵੈਲ ਵਾਲੀ ਦੁਨੀਆਂ ਨਜ਼ਦੀਕ ਆ ਸਕਦੀ ਹੈ, ਜਿੱਥੇ ਵਿਚਾਰ ਵੀ ਅਪਰਾਧ ਬਣ ਜਾਣਗੇ। ਇਸ ਲਈ ਸਾਰੀਆਂ ਧਿਰਾਂ - ਸਰਕਾਰ, ਵਿਰੋਧੀ, ਮੀਡੀਆ ਅਤੇ ਟੈਕ ਕੰਪਨੀਆਂ- ਨੂੰ ਇੱਕਠੇ ਬੈਠ ਕੇ ਇੱਕ ਸੰਤੁਲਿਤ ਰਾਹ ਲੱਭਣਾ ਚਾਹੀਦਾ ਹੈ ਤਾਂ ਜੋ ਭਾਰਤ ਡਿਜੀਟਲ ਲੋਕਤੰਤਰ ਵਜੋਂ ਮਜ਼ਬੂਤ ਬਣੇ, ਨਾ ਕਿ ਨਿਯੰਤਰਣ ਵਾਲੀ ਰਾਜ ਵਜੋਂ। ਇਸ ਤੋਂ ਇਲਾਵਾ ਲੋਕਾਂ ਨੂੰ ਵੀ ਆਪਣੀ ਆਵਾਜ਼ ਉੱਚੀ ਰੱਖਣੀ ਚਾਹੀਦੀ ਹੈ ਤਾਂ ਜੋ ਆਜ਼ਾਦੀ ਦੀ ਰੱਖਿਆ ਹੋ ਸਕੇ।

ਹੁਣ ਭਵਿੱਖ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਡਿਜੀਟਲ ਯੁੱਗ ਵਿੱਚ ਆਜ਼ਾਦੀ ਅਤੇ ਜ਼ਿੰਮੇਵਾਰੀ ਵਿਚਕਾਰ ਕਿਹੜਾ ਰਾਹ ਚੁਣਦੇ ਹਾਂ।

---

# ਖ਼ਾਲਸਾ ਸਰਕਾਰ ਦੇ ਸੰਸਥਾਪਕ ਸ਼ੇਰ-ਏ-ਪੰਜਾਬ ਨੂੰ ਰਾਜ-ਤਿਲਕ ਦੇਣ ਵਾਲੀ ਉੱਘੀ ਹਸਤੀ ਬਾਬਾ ਸਾਹਿਬ ਸਿੰਘ ਬੇਦੀ ਨੂੰ ਯਾਦ ਕਰਦਿਆਂ



ਭਗਵਾਨ ਸਿੰਘ ਜੌਹਲ
ਮੋ.98143-24040

ਇਤਿਹਾਸਕ ਜ਼ਿਕਰ ਮਿਲਦਾ ਹੈ ਕਿ ਜਦੋਂ ਸ਼ੁੱਕਰਚਕੀਆ ਮਿਸਲ ਦੇ ਮੁਖੀ ਸਰਦਾਰ ਮਹਾਂਸਿੰਘ ਦਾ ਅਕਾਲ ਚਲਾਣਾ ਹੁੰਦਾ ਹੈ ਤਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕੇਵਲ ਗਿਆਰਾਂ ਕੁ ਵਰ੍ਹਿਆਂ ਦੇ ਸਨ। ਸ. ਮਹਾਂਸਿੰਘ ਦੇ ਧਰਮ ਸੁਪਤਨੀ ਬੀਬੀ ਰਾਜ ਕੌਰ ਨੂੰ ਆਪਣੇ ਪਤੀ ਦੀ ਮੌਤ ਦੇ ਗ਼ਮ ਨਾਲੋਂ ਵੱਧ ਦੁੱਖ ਇਸ ਗੱਲ ਦਾ ਸੀ ਕਿ ਮੇਰਾ ਸਪੁੱਤਰ ਰਣਜੀਤ ਸਿੰਘ ਬਹੁਤ ਛੋਟੀ ਅਵਸਥਾ ਵਿੱਚ ਹੈ, ਉਹ ਮਿਸਲ ਨੂੰ ਕਿਵੇਂ ਸੰਭਾਲੇਗਾ। ਇਸ ਪੀੜ ਨੂੰ ਸੀਨੇ ਵਿੱਚ ਲੈ ਕੇ ਬੀਬੀ ਰਾਜ ਕੌਰ ਜਗਤ-ਗੁਰੂ ਧੰਨ ਗੁਰੂ ਨਾਨਕ ਦੇਵ ਜੀ ਦੀ ਅੰਸ਼-ਵੰਸ਼ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨਾ ਸ਼ਹਿਰ (ਜੋ ਇਸ ਵਕਤ ਹਿਮਾਚਲ ਪ੍ਰਦੇਸ਼ ਦਾ ਜ਼ਿਲ੍ਹਾ ਹੈੱਡਕਵਾਟਰ ਹੈ) ਪੁੱਜੀ। ਬਾਬਾ ਸਾਹਿਬ ਸਿੰਘ ਬੇਦੀ ਗੁਰੂ ਨਾਨਕ ਸਾਹਿਬ ਜੀ ਦੀ 11ਵੀਂ ਅੰਸ਼-ਵੰਸ਼ ਸਨ, ਜਿਨ੍ਹਾਂ ਦਾ ਸਤਿਕਾਰ ਉਸ ਸਮੇਂ ਦਾ ਹਰ ਸਿੱਖ ਕਰਦਾ ਸੀ। ਸਾਰੀਆਂ ਰਿਆਸਤਾਂ ਦੇ ਰਾਜੇ-ਮਹਾਰਾਜੇ ਅਤੇ ਸਿੱਖ ਮਿਸਲਾਂ ਦੇ ਸਰਦਾਰ ਉਨ੍ਹਾਂ ਦੇ ਬਚਨਾਂ ਨੂੰ ਰੱਬੀ-ਫੁਰਮਾਨ ਹੀ ਮੰਨਦੇ ਸਨ। ਜਦੋਂ ਬੀਬੀ ਰਾਜ ਕੌਰ ਨੇ ਆਪਣਾ ਦੁੱਖੜਾ ਬਿਆਨ ਕੀਤਾ ਤਾਂ ਬਾਬਾ ਸਾਹਿਬ ਸਿੰਘ ਬੇਦੀ ਨੇ ਲਾਹੌਰ ਦਰਬਾਰ ਆਉਣਾ ਪ੍ਰਵਾਨ ਕਰ ਲਿਆ। ਸਰਦਾਰ ਮਹਾਂਸਿੰਘ ਨਮਿੱਤ ਰੱਖੇ ਗਏ ਪਾਠ ਦੇ ਭੋਗ ਉਪਰੰਤ ਅਰਦਾਸ ਤੋਂ ਪਿੱਛੋਂ ਸਾਰੀਆਂ ਮਿਸਲਾਂ ਦੇ ਸਰਦਾਰਾਂ ਦੀ ਹਾਜ਼ਰੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸਰਕਾਰ-ਏ-ਖ਼ਾਲਸਾ ਦਾ ਰਾਜ-ਤਿਲਕ ਦਿੱਤਾ ਸੀ। ਇਹ ਕੇਵਲ ਰਸਮ ਹੀ ਨਹੀਂ ਸੀ, ਸਗੋਂ ਇਸ ਦੇ ਵਿਰੋਧ ਵਿੱਚ ਕਿਸੇ ਮਿਸਲ ਦੇ ਸਰਦਾਰ ਨੇ ਸਿਰ ਨਹੀਂ ਚੁੱਕਿਆ, ਸਗੋਂ ਗੁਰੂ ਨਾਨਕ ਸਾਹਿਬ ਦੀ ਅੰਸ਼-ਵੰਸ਼ ਵੱਲੋਂ ਕੀਤੀ ਇਸ ਰਸਮ ਨੂੰ ਸਿਰ ਝੁਕਾ ਕੇ ਪ੍ਰਵਾਨਗੀ ਦਿੱਤੀ। ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਜਨਮ 1756 ਈ: ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਡੇਰ੍ਹਾ ਬਾਬਾ ਨਾਨਕ ਵਿਖੇ ਆਪਣੇ ਦਾਦਾ ਬਾਬਾ ਕਲਾਧਾਰੀ ਜੀ ਦੇ ਗ੍ਰਹਿ ਵਿਖੇ ਅਤੇ ਪਿਤਾ ਬਾਬਾ ਅਜੀਤ ਸਿੰਘ ਬੇਦੀ ਅਤੇ ਮਾਤਾ ਸਵਰੂਪ ਕੌਰ ਦੇ ਘਰ ਹੋਇਆ। ਬਾਬਾ ਸਾਹਿਬ ਸਿੰਘ ਬੇਦੀ ਦੇ ਦਾਦਾ ਬਾਬਾ ਕਲਾਧਾਰੀ ਜੀ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸੱਦੇ 'ਤੇ ਹੀ ਸ੍ਰੀ ਅਨੰਦਪੁਰ ਸਾਹਿਬ ਨੇੜੇ ਵਸੇ ਊਨਾ ਨਗਰ ਵਿਖੇ ਪੁੱਜੇ ਸਨ। ਅੱਜ ਵੀ ਬੇਦੀ ਵੰਸ਼ ਦਾ ਇਹ ਅਸਥਾਨ ਕਿਲ੍ਹਾ ਬੇਦੀ ਸਾਹਿਬ ਕਰਕੇ ਜਾਣਿਆ ਜਾਂਦਾ ਹੈ। ਜਦੋਂ ਤੁਸੀਂ ਇਸ ਕਿਲ੍ਹੇ ਵਿਖੇ ਜਾਂਦੇ ਹੋ, ਤਾਂ ਪੁਰਾਤਨ ਕਿਲ੍ਹੇ ਵਿੱਚ ਪੁਰਾਤਨ ਬੋਹੜ ਤੇ ਬੇਰੀ ਦੇ ਦਰਖੱਤਾਂ ਦੇ ਰੂਪ ਵਿੱਚ ਸਿੱਖਾਂ ਦਾ ਪੁਰਾਤਨ ਵਿਰਸਾ ਅਤੇ ਅਤੀਤ ਹਰ ਦਰਸ਼ਕ ਨੂੰ ਆਪਣੇ ਵੱਲ ਸਹਿਜ-ਸੁਭਾਅ ਹੀ ਖਿੱਚਦਾ ਪ੍ਰਤੀਤ ਹੁੰਦਾ ਹੈ।

ਇਤਿਹਾਸਕ ਸਰੋਤ ਦੱਸਦੇ ਹਨ ਬਾਬਾ ਸਾਹਿਬ ਸਿੰਘ ਬੇਦੀ ਨਾਲ 14 ਹਜ਼ਾਰ ਘੋੜ ਸਵਾਰ ਫੌਜ ਹਮੇਸ਼ਾ ਤਾਇਨਾਤ ਰਹਿੰਦੀ ਸੀ। ਉਨ੍ਹਾਂ ਦੀ ਰਿਆਸਤ ਦੇ ਅਧਿਕਾਰ ਖੇਤਰ ਵਿੱਚ 117 ਪਿੰਡ ਸਨ। ਜਿਸ ਵਿੱਚ ਦੁਆਬਾ ਤੇ ਦੂਨ ਦਾ ਇਲਾਕਾ ਵੀ ਸੀ। ਬਾਬਾ ਜੀ ਜੰਗ ਵਿੱਚ ਸ਼ਹੀਦ ਹੋਏ ਪਰਿਵਾਰਾਂ ਦਾ ਰੈਣ-ਬਸੇਰਾ ਇਨ੍ਹਾਂ ਪਿੰਡਾਂ ਵਿੱਚ ਹੀ ਕਰਵਾਉਂਦੇ ਸਨ। ਬਾਬਾ ਕਲਾਧਾਰੀ ਜੀ ਅਤੇ ਉਨ੍ਹਾਂ ਦੀ ਵੰਸ਼ਜ ਨੇ ਊਨਾ ਸ਼ਹਿਰ ਵਿੱਚ ਅਨੇਕਾਂ ਇਮਾਰਤਾਂ ਬਣਾਈਆਂ। ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਥੇ ਵਸਾਇਆ। ਇਕ ਅਜਿਹਾ ਸਮਾਂ ਸੀ ਜਦੋਂ ਊਨਾ ਪੰਜਾਬ ਦਾ ਅਵਲ ਦਰਜੇ ਦਾ ਸ਼ਹਿਰ ਸੀ, ਜਿਥੋਂ ਮੌਜੂਦਾ ਹਿਮਾਚਲ, ਜੰਮੂ ਕਸ਼ਮੀਰ ਤੇ ਲੇਹ-ਲਦਾਖ ਤੱਕ ਵਿਉਪਾਰ ਕੀਤਾ ਜਾਂਦਾ ਸੀ। ਜਦੋਂ ਬਾਬਾ ਸਾਹਿਬ ਸਿੰਘ ਜੀ ਊਨਾ ਸ਼ਹਿਰ ਤੋਂ ਜੰਗ-ਏ-ਮੈਦਾਨ ਵਿੱਚ ਨਿਕਲਦੇ ਸਨ ਤਾਂ ਇਸ ਸ਼ਹਿਰ ਦੀ ਪਰਿਕਰਮਾ ਕਰਕੇ ਸੁਰੱਖਿਅਕ ਕਵਚ ਬਣਾਉਂਦੇ ਸਨ, ਤਾਂ ਜੋ ਸ਼ਹਿਰ ਵਿੱਚ ਕਿਸੇ ਤਰ੍ਹਾਂ ਦੀ ਕੋਈ ਔਖੀ ਘੜੀ ਨਾ ਆਵੇ। ਅੱਜ ਵੀ ਬਾਬਾ ਜੀ ਦੀ ਯਾਦ ਵਿੱਚ ਹੋਣ ਵਾਲੇ ਗੁਰਮਤਿ ਸਮਾਗਮ ਸਮੇਂ ਊਨਾ ਸ਼ਹਿਰ ਦੀ ਪਰਿਕਰਮਾ ਕਰਦਿਆਂ ਨਗਰ ਕੀਰਤਨ ਸਜਾਇਆ ਜਾਂਦਾ ਹੈ। ਇਤਿਹਾਸਕ ਸਰੋਤਾਂ ਮੁਤਾਬਕ ਬਾਬਾ ਜੀ ਜਿਥੇ ਮਹਾਨ 33 ਬੇਤੇ, ਰਾਜਯੋਗੀ ਧਰਮੀ ਮਹਾਂਪੁਰਸ਼ ਸਨ, ਉਥੇ ਉਹ ਦਲੇਰ ਯੋਧੇ ਤੇ ਕੂਟਨੀਤਕ ਸ਼ਖ਼ਸੀਅਤ ਦੇ ਮਾਲਕ ਵੀ ਸਨ। ਖ਼ਾਲਸਾ ਰਾਜ ਦਾ ਮੁੱਢ ਉਨ੍ਹਾਂ ਦੇ ਯਤਨਾਂ ਨਾਲ ਬੱਝਿਆ ਸੀ। ਬਾਰਾਂ ਮਿਸਲਾਂ ਦੇ ਸਰਦਾਰਾਂ ਨੂੰ ਇਕੱਠੇ ਕਰਨਾ ਕੋਈ ਸਹਿਜ ਕਾਰਜ ਨਹੀਂ ਸੀ।



ਬਾਬਾ ਸਾਹਿਬ ਸਿੰਘ ਜੀ ਬੇਦੀ (11ਵੇਂ ਵੰਸ਼ਜ ਗੁਰੂ ਨਾਨਕ ਦੇਵ ਜੀ)




ਬਾਬਾ ਸਰਬਜੋਤ ਸਿੰਘ ਬੇਦੀ (17ਵੇਂ ਵੰਸ਼ਜ ਗੁਰੂ ਨਾਨਕ ਦੇਵ ਜੀ ਅਤੇ ਮੌਜੂਦਾ ਗੱਦੀਨਸ਼ੀਨ)

ਊਨਾ ਦੇ ਇਸ ਇਤਿਹਾਸਕ ਕਿਲ੍ਹੇ ਦੀ ਸਥਾਪਨਾ 1784 ਈ: ਵਿੱਚ ਕੀਤੀ ਗਈ। ਜੋ ਉੱਤਰੀ ਭਾਰਤ ਦੀਆਂ 117 ਰਿਆਸਤਾਂ ਨਾਲ ਸਬੰਧਤ ਸੀ। ਸਿੱਖ ਰਾਜ ਦੇ ਪਤਨ ਪਿੱਛੋਂ ਅੰਗ੍ਰੇਜ਼ ਹਕੂਮਤ ਨੂੰ ਬਾਬਾ ਜੀ ਦੀ ਵੰਸ਼ਜ ਤੋਂ ਵੀ ਬਗਾਵਤੀ ਸੁਰਾਂ ਹੀ ਸੁਣਾਈ ਦਿੰਦੀਆਂ ਸਨ। ਇਸੇ ਕਰਕੇ ਜਦੋਂ ਬਾਬਾ ਜੀ ਦੇ ਸਪੁੱਤਰ ਬਾਬਾ ਬਿਕਰਮਾ ਸਿੰਘ ਬੇਦੀ ਵੱਲੋਂ ਅੰਗ੍ਰੇਜ਼ ਹਕੂਮਤ ਵਿਰੁੱਧ ਬਾਗੀ ਹੋਣ ਦੀ ਸੂਚਨਾ ਮਿਲੀ ਤਾਂ ਇਸ ਬੇਦੀ ਸਾਹਿਬ ਦੇ ਮਜ਼ਬੂਤ ਕਿਲ੍ਹੇ ਨੂੰ ਤੋਪਾਂ ਨਾਲ ਤਬਾਹ ਕਰ ਦਿੱਤਾ ਗਿਆ। ਜੋ ਅੱਜ ਵੀ ਇਹ ਇਤਿਹਾਸਕ ਖੰਡਰਾਂ ਦੇ ਰੂਪ ਵਿੱਚ ਅੰਗ੍ਰੇਜ਼ ਸਰਕਾਰ ਦੀ ਕੋਝੀ ਕਰਤੂਤ ਨੂੰ ਬਿਆਨ ਕਰ ਰਹੇ ਹਨ। ਇਸੇ ਕਿਲ੍ਹੇ ਅੰਦਰ ਬਾਬਾ ਜੀ ਦੇ ਮੰਝਲੇ ਸਪੁੱਤਰ ਬਾਬਾ ਤੇਗ ਸਿੰਘ ਦਾ ਸਥਾਨ ਵੀ ਮੌਜੂਦ ਹੈ। ਬਾਬਾ ਜੀ ਵੱਲੋਂ ਬਣਾਇਆ ਲੰਗਰ ਅਸਥਾਨ ਵੀ ਸਾਡੀ ਅਮੀਰ ਵਿਰਾਸਤ ਦੀ ਨਿਸ਼ਾਨੀ ਹੈ। ਇਸੇ ਊਨਾ ਸ਼ਹਿਰ ਦੇ ਹੋਰ ਇਤਿਹਾਸਕ ਸਥਾਨਾਂ ਦੀ ਗੱਲ ਕਰੀਏ ਤਾਂ ਕਿਲ੍ਹੇ ਦੇ ਦੂਜੇ ਪਾਸੇ ਬਾਬਾ ਜੀ ਦਾ ਦਮਦਮਾ ਅਸਥਾਨ ਹੈ। ਊਨਾ ਤੋਂ ਚਾਰ ਕੁ ਕਿਲੋਮੀਟਰ ਦੂਰ ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਤਪ ਅਸਥਾਨ ਗੁਰਦੁਆਰਾ ਤਪੋਵਨ ਮੌਜੂਦ ਹੈ। ਇਸ ਦੇ ਨੇੜੇ ਹੀ ਬਾਬਾ ਤੇਗ ਸਿੰਘ ਦਾ ਤਪ-ਅਸਥਾਨ ਗੁ: ਬਾਰਾਂਦਰੀ ਵੀ ਮੌਜੂਦ ਹੈ। ਉਨ੍ਹਾਂ ਦੀ ਗਾਤਰੇ ਦੀ ਕ੍ਰਿਪਾਨ, ਕਟਾਰ, ਚੱਕਰੀ, ਗਾਤਰਾ, ਬਾਬਾ ਤੇਗ ਸਿੰਘ ਦਾ ਤੀਰ ਕਮਾਨ ਅਤੇ ਬਾਬਾ ਬਿਕਰਮਾ ਸਿੰਘ ਦੀ ਕ੍ਰਿਪਾਨ ਵੀ ਊਨਾ ਕਿਲ੍ਹੇ ਵਿੱਚ ਸੁਭਾਇਮਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੌਜੂਦਾ ਵੰਸ਼ ਵਿੱਚੋਂ ਮਹਾਂਪੁਰਸ਼ ਬਾਬਾ ਸਰਬਜੋਤ ਸਿੰਘ ਬੇਦੀ ਨੇ 1989 ਈ: ਵਿੱਚ ਜਾਨਸ਼ੀਨ ਵਜੋਂ ਜ਼ਿੰਮੇਵਾਰੀ ਸੰਭਾਲੀ, ਬਾਬਾ ਜੀ ਨੂੰ ਸਮੁੱਚੇ ਸਿੱਖ ਜਗਤ ਵਿੱਚ ਅਤੇ ਸੰਤ ਸਮਾਜ ਵਿੱਚ ਸਤਿਕਾਰ ਦਿੱਤਾ ਜਾਂਦਾ ਹੈ। ਬਾਬਾ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਵਿੱਚ ਊਨਾ ਸ਼ਹਿਰ ਦਾ ਵਿਕਾਸ ਨਵੀਆਂ ਤਕਨੀਕਾਂ ਨਾਲ ਹੋ ਰਿਹਾ ਹੈ। ਨਾਲ ਹੀ ਬਾਬਾ ਜੀ ਨੇ ਮਾਨਸਿਕ ਤੇ ਕਮਜ਼ੋਰ ਬੱਚਿਆਂ ਲਈ ਪ੍ਰੇਮਾਸ਼ਰਮ ਦੀ ਸਥਾਪਨਾ ਵੀ ਕੀਤੀ ਹੈ। ਇਹ ਆਸ਼ਰਮ ਸਮਾਜ ਦੇ ਇਨ੍ਹਾਂ ਬੱਚਿਆਂ ਦੀ ਦੇਖਭਾਲ ਕਰ ਰਿਹਾ ਹੈ। ਦੇਸ਼-ਵਿਦੇਸ਼ ਦੀ ਸੰਗਤ ਵੱਲੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਦੇ ਜਨਮ ਦਿਨ 'ਤੇ ਤਿੰਨ ਦਿਨ ਸਮਾਗਮ ਹਰ ਸਾਲ ਗੁਰਮਤਿ ਸਮਾਗਮ ਦੇ ਰੂਪ ਵਿੱਚ ਵੀ ਕੀਤੇ ਜਾਂਦੇ ਹਨ। ਮੁੱਖ ਸਮਾਗਮ ਦੇ ਦੌਰਾਨ ਨਗਰ ਕੀਰਤਨ, ਸੰਤ ਸਮਾਗਮ, ਕੀਰਤਨ ਦਰਬਾਰ ਕਰਵਾਏ ਜਾਂਦੇ ਹਨ। ਆਉ ਆਪਾਂ ਵੀ ਆਪਣੇ ਵਿਰਾਸਤੀ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰੀਏ।

---

# ਗਾਇਕੀ ਦੇ ਨਾਮ ਹੇਠ ਨਸ਼ਿਆਂ ਦਾ ਪਰਚਾਰ ਅਤੇ ਵੇਚੀ ਜਾ ਰਹੀ ਲੱਚਰਤਾ



ਬਘੇਲ ਸਿੰਘ ਧਾਲੀਵਾਲ
99142-58142

ਸਿੱਖੀ ਮਾਰਗ ਦੇ ਪਹਿਲੇ ਰਹਿਨੁਮਾ ਪਹਿਲੇ ਰਹਿਬਰ ਸਿੱਖਾਂ ਦੇ ਪਹਿਲੇ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਸੰਗੀਤ ਦੇ ਪਿਤਾਮਾ ਭਾਈ ਮਰਦਾਨਾ ਸਾਹਿਬ ਦੇ ਸਾਥ ਨਾਲ ਆਪਣੀ ਮਨੁੱਖਤਾਵਾਦੀ ਵਿਚਾਰਧਾਰਾ ਦਾ ਪ੍ਰਚਾਰ ਗਾ ਕੇ ਕੀਤਾ ਸੀ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਬਾਬਾ ਫਰੀਦ, ਕਬੀਰ ਸਾਹਿਬ, ਭਗਤ ਰਵਿਦਾਸ ਸਾਹਿਬ, ਬਾਬਾ ਬੁੱਲ੍ਹੇ ਸ਼ਾਹ ਜੀ ਵਰਗੇ ਅਨੇਕਾਂ ਸਮਾਜ ਸੁਧਾਰਕ ਹੋਏ, ਜਿਨ੍ਹਾਂ ਨੇ ਆਪਣੇ ਪ੍ਰਚਾਰ ਦਾ ਹੋਕਾ ਕਵਿਤਾ ਰਾਹੀਂ ਦਿੱਤਾ ਅਤੇ ਇਹਨਾਂ ਤੋਂ ਇਲਾਵਾ ਵੀ ਅਨੇਕਾਂ ਸੂਫੀ ਸੰਤ ਫਕੀਰ ਹੋਏ ਹਨ, ਜਿਨ੍ਹਾਂ ਆਪਣਾ ਹੋਕਾ ਗਾ ਕੇ ਦਿੱਤਾ। ਇਹ ਕਲਾ ਅਸ਼ਲੀਲਤਾ ਗਾਉਣ ਦਾ ਨਾਮ ਨਹੀਂ ਸੀ, ਬਲਕਿ ਗਾਇਣ ਕਲਾ ਜਿਊਣ ਦਾ ਢੰਗ ਸੀ, ਸੋਚ ਸੀ, ਰੂਹ ਦੀ ਅਵਾਜ਼ ਸੀ। ਇਹ ਉਹ ਅਵਾਜ਼ ਸੀ ਜੋ ਮਨੁੱਖ ਨੂੰ ਡਿੱਗਣ ਨਹੀਂ ਦਿੰਦੀ ਸੀ, ਜੋ ਅੰਦਰੋਂ ਹੌਂਸਲਾ ਪੈਦਾ ਕਰਦੀ ਸੀ, ਜੋ ਦਰਦ ਨੂੰ ਵੀ ਇੱਜ਼ਤ ਨਾਲ ਜਿਊਣਾ ਸਿਖਾਉਂਦੀ ਸੀ। ਪਰ ਅੱਜ ਇਹੋ ਗਾਇਕੀ ਆਪਣਾ ਰੂਪ ਬਦਲ ਚੁੱਕੀ ਹੈ। ਅੰਦਰੋਂ ਮਜ਼ਬੂਤ ਕਰਨ ਦੀ ਬਜਾਏ ਨੌਜਵਾਨਾਂ ਨੂੰ ਲੱਚਰਤਾ ਅਤੇ ਨਸ਼ਿਆਂ ਦੀ ਦਲਦਲ ਵੱਲ ਧੱਕ ਰਹੀ ਹੈ। ਅੱਜ ਦੇ ਸਮੇਂ ਵਿੱਚ ਪੰਜਾਬ ਅਤੇ ਪੰਜਾਬੀਅਤ ਦੀ ਸੋਚ ਨੂੰ ਮਾਰਨ ਲਈ, ਇੱਥੋਂ ਦੀ ਅਣਖ ਗੈਰਤ ਨੂੰ ਅਸਲੋਂ ਹੀ ਮਾਰ ਕੇ ਗੀਦੀ ਬਨਾਉਣ ਲਈ ਜੇਕਰ ਕੋਈ ਸਭ ਤੋਂ ਵੱਧ ਕੰਮ ਕਰ ਰਿਹਾ ਹੈ ਤਾਂ ਉਹ ਮੌਜੂਦਾ ਦੌਰ ਦੀ ਗਾਇਕੀ ਹੈ, ਜਿਸਨੇ ਪੰਜਾਬੀ ਸੱਭਿਆਚਾਰ ਖਾਸ ਕਰਕੇ ਸਿੱਖ ਸੱਭਿਆਚਾਰ ਦਾ ਮਲੀਆਮੇਟ ਕਰਕੇ ਰੱਖ ਦਿੱਤਾ ਹੈ। ਮਹਿਜ਼ ਪੈਸੇ ਦੀ ਦੌੜ ਨੇ ਗਾਇਕੀ ਨੂੰ ਕੁਰਾਹੇ ਪਾ ਦਿੱਤਾ ਹੈ।

ਇਸ ਪਲੇਟਫਾਰਮ ਨੂੰ ਜੇਕਰ ਜ਼ਿੰਮੇਵਾਰੀ ਨਾਲ ਵਰਤਿਆ ਜਾਵੇ ਜਿਹਾ ਕਿ ਅਸੀ ਕਿਸਾਨੀ ਅੰਦੋਲਨ ਦੌਰਾਨ ਦੇਖਿਆ ਵੀ ਹੈ, ਤਾਂ ਪੰਜਾਬ ਦੇ ਹਿੱਤਾਂ ਲਈ ਉਸਾਰੂ ਰੋਲ ਨਿਭਾਅ ਸਕਦੀ ਹੈ, ਪਰ ਨਹੀਂ, ਸਗੋਂ ਬੇਪਰਵਾਹੀ ਨਾਲ ਵਰਤਿਆ ਜਾ ਰਿਹਾ ਹੈ। ਅੱਜ ਦੇ ਸਮੇਂ ਦੇ ਗਾਇਕ ਸ਼ਰੇਆਮ ਨਸ਼ਿਆਂ ਨੂੰ ਉਤਸ਼ਾਹਿਤ ਕਰ ਰਹੇ ਹਨ, ਕੋਈ ਪੁੱਛਣ ਵਾਲਾ ਨਹੀਂ ਹੈ। ਲੱਚਰਤਾ ਦੀ ਹੱਦ ਐਨੇ ਨੀਵੇਂ ਪੱਧਰ ਤੱਕ ਪੁੱਜ ਚੁੱਕੀ ਹੈ ਕਿ ਇਸ ਤੋਂ ਅੱਗੇ ਰਿਹਾ ਹੀ ਕੁੱਝ ਨਹੀਂ। ਪੰਜਾਬ ਦੀ ਜੁਆਨੀ ਨੂੰ ਕੁਰਾਹੇ ਪਾਉਣ ਵਿੱਚ ਅਜੋਕੀ ਗਾਇਕੀ ਦੀ ਮੁੱਖ ਭੂਮਿਕਾ ਹੈ, ਪਰ ਪੰਜਾਬ ਸੁੱਤਾ ਪਿਆ ਹੈ। ਘਟੀਆ ਅਤੇ ਨੀਵੇਂ ਪੱਧਰ ਤੱਕ ਗਾਇਕੀ ਨੂੰ ਲਿਜਾਣ ਵਿੱਚ ਗਾਇਕ ਬਾਦਸ਼ਾਹ, ਸੁਲਤਾਨ, ਦਿਲਜੀਤ ਦੁਸਾਂਝ, ਜੋ ਜੋ ਹਨੀ ਸਿੰਘ, ਏ ਪੀ ਢਿੱਲੋਂ, ਕਰਨ ਔਜਲਾ ਆਦਿ ਪ੍ਰਮੁੱਖ ਭੂਮਿਕਾ ਨਿਭਾਅ ਰਹੇ ਹਨ। ਉਕਤ ਸਾਰੇ ਅਖੌਤੀ ਕਲਾਕਾਰ ਜੁਆਨੀ ਦਾ ਘਾਣ ਅਤੇ ਕਲਾ ਦਾ ਸੱਤਿਆਨਾਸ ਕਰਨ ਵਿੱਚ ਮੋਹਰੀ ਹੋਣ ਕਰਕੇ ਚਰਚਾ ਵਿੱਚ ਹਨ। ਗੀਤਾਂ ਨੇ ਨਸ਼ਿਆਂ ਦੀ ਲੱਤ ਨੂੰ ਮੌਜ ਮਸਤੀ ਦਾ ਸਾਧਨ ਬਣਾ ਕੇ ਪੇਸ਼ ਕੀਤਾ ਹੈ। ਨੌਜਵਾਨਾਂ ਦੇ ਦਿਮਾਗ ਵਿੱਚੋਂ ਨਸ਼ਿਆਂ ਦਾ ਡਰ ਹੀ ਖਤਮ ਹੋ ਗਿਆ ਹੈ। ਜਿੱਥੇ ਨਸ਼ਾ ਇੱਕ ਸਮੇਂ ਘਰ ਬਰਬਾਦ ਕਰਨ ਵਾਲੀ ਬਿਮਾਰੀ ਮੰਨਿਆ ਜਾਂਦਾ ਸੀ, ਉੱਥੇ ਹੁਣ ਇਹ ਪਾਰਟੀਆਂ ਦਾ ਹਿੱਸਾ, ਲੋੜ ਅਤੇ ਹੈਸੀਅਤ ਦਰਸਾਉਣ ਵਾਲੀ ਵਸਤੂ ਦਾ ਪ੍ਰਤੀਕ ਬਣਾ ਦਿੱਤਾ ਗਿਆ ਹੈ।

ਗੀਤਾਂ ਵਿੱਚ ਅਜਿਹਾ ਰੁਝਾਨ ਸਾਫ ਅਤੇ ਸਪੱਸ਼ਟ ਨਜ਼ਰ ਆਉਂਦਾ ਹੈ, ਜਿੱਥੇ ਹਰ ਖੁਸ਼ੀ, ਹਰ ਮੌਜ, ਹਰ ਜਸ਼ਨ ਨੂੰ ਸ਼ਰਾਬ ਨਾਲ ਜੋੜ ਦਿੱਤਾ ਜਾਂਦਾ ਹੈ। ਸ਼ਰਾਬ ਤੋਂ ਅੱਗੇ ਵਧ ਕੇ ਹੁਣ ਗੱਲ ਚਿੱਟਿਆਂ, ਇਸਮਾਇਕਾਂ ਦੇ ਨਾਲ ਨਾਲ ਹੋਰ ਰਸਾਇਣ-ਯੁਕਤ ਮਾਰੂ ਨਸ਼ਿਆਂ ਤੱਕ ਪੁੱਜ ਚੁੱਕੀ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਬਣਦਾ ਹੈ ਕਿ ਪੰਜਾਬ ਵਿਰੋਧੀ ਇਸ ਮਾੜੇ ਰੁਝਾਨ ਨੂੰ ਅੱਗੇ ਵਧਾਉਣ ਵਿੱਚ ਨਵੇਂ ਗਾਇਕਾਂ ਦੇ ਨਾਲ ਪੁਰਾਣੇ ਨਾਮੀ ਕਲਾਕਾਰਾਂ ਦੀ ਵੱਡੀ ਭੂਮਿਕਾ ਹੈ। ਅਜਿਹੇ ਰੁਝਾਨ ਨੂੰ ਹਵਾ ਦੇਣ ਵਾਲਿਆਂ ਵਿੱਚ ਗੁਰਦਾਸ ਮਾਨ ਵਰਗੇ ਨਾਮੀ ਕਲਾਕਾਰ ਵੀ ਸ਼ਾਮਲ ਹਨ। ਜਦੋਂ ਇੱਕ ਨੌਜਵਾਨ ਦਿਨ ਵਿੱਚ ਕਈ ਵਾਰ ਇਹੀ ਸੁਣਦਾ ਹੈ ਕਿ ਗਮ ਭੁਲਾਉਣ ਲਈ ਨਸ਼ਾ ਹੀ ਸਭ ਤੋਂ ਉਤਮ ਅਤੇ ਆਖਰੀ ਹੱਲ ਹੈ, ਤਾਂ ਉਹ ਸਿਰਫ ਸੁਣਦਾ ਹੀ ਨਹੀਂ, ਬਲਕਿ ਨਸ਼ੇ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਲੱਗ ਪੈਂਦਾ ਹੈ। ਏ ਪੀ ਢਿੱਲੋਂ ਵਰਗੇ ਗਾਇਕਾਂ ਦੇ ਗੀਤਾਂ ਵਿੱਚ ਪੇਸ਼ ਕੀਤਾ ਜਾ ਰਿਹਾ ਲਾਈਫਸਟਾਈਲ ਵੀ ਇੱਕ ਅਜਿਹੀ ਦੁਨੀਆ ਬਣਾਉਂਦਾ ਹੈ, ਜਿੱਥੇ ਨਸ਼ਾ ਤੇ ਦਿਖਾਵਾ ਸਫਲਤਾ ਦਾ ਮਾਪਦੰਡ ਬਣ ਜਾਂਦਾ ਹੈ।

ਇਹ ਸਿਰਫ ਨਸ਼ੇ ਦੀ ਗੱਲ ਨਹੀਂ ਰਹੀ, ਇਹ ਲੱਚਰਤਾ ਦੀ ਵੀ ਗੱਲ ਹੈ। ਅੱਜ ਦੇ ਗੀਤ ਇਸ਼ਕ ਨੂੰ ਇੱਕ ਤਾਕਤ ਅਤੇ ਕਮਜ਼ੋਰੀ ਦੋਵਾਂ ਰੂਪਾਂ ਵਿੱਚ ਪੇਸ਼ ਕਰਕੇ ਜਿੱਥੇ ਤਾਕਤ ਨਾਲ ਲੱਚਰਤਾ ਅਤੇ ਕਮਜ਼ੋਰੀ ਨਾਲ ਨਸ਼ਿਆਂ ਦੇ ਸਹਾਰੇ ਦਾ ਪ੍ਰਚਾਰ ਕਰਦੇ ਹਨ। ਗੀਤਾਂ ਵਿੱਚ ਇੱਕ ਅਜਿਹਾ ਪਿਆਰ ਦਿਖਾਇਆ ਜਾਂਦਾ ਹੈ, ਜਿੱਥੇ ਮਨੁੱਖ ਆਪਣੀ ਇੱਜ਼ਤ ਦੀ ਫਿਕਰ, ਪਰਵਾਹ ਕਰਨੀ ਛੱਡ ਦਿੰਦਾ ਹੈ। ਬਹੁਤ ਸਾਰੇ ਗਾਇਕਾਂ ਦੇ ਗੀਤਾਂ ਵਿੱਚ ਅਣਖੀ ਪੰਜਾਬ ਦੇ ਨੌਜਵਾਨਾਂ ਦੀ ਸੋਚ ਨੂੰ ਨੀਵਾਂ ਕਰਨ ਦੀ ਪਰਵਿਰਤੀ ਵਾਰ-ਵਾਰ ਸਾਹਮਣੇ ਆਉਂਦੀ ਹੈ। ਅਜੋਕੀ ਗਾਇਕੀ ਨੌਜਵਾਨਾਂ ਨੂੰ ਸਿਖਾਉਂਦੀ ਹੈ ਕਿ ਪਿਆਰ ਵਿੱਚ ਖੁਦ ਨੂੰ ਗੁਆ ਦੇਣਾ ਹੀ ਵੱਡੀ ਗੱਲ ਹੈ, ਜਿਵੇਂ ਖੁਦ ਦੀ ਪਛਾਣ ਦੀ ਕੋਈ ਕੀਮਤ ਹੀ ਨਾ ਹੋਵੇ। ਦਿਲ ਟੁੱਟਣ ਦਾ ਦਰਦ ਹਰ ਯੁੱਗ ਵਿੱਚ ਰਿਹਾ ਹੈ, ਪਰ ਅੱਜ ਦੀ ਗਾਇਕੀ ਨੇ ਇਸ ਦਰਦ ਨੂੰ ਇੱਕ ਖਤਰਨਾਕ ਮੋੜ ਦੇ ਦਿੱਤਾ ਹੈ। ਸ਼ੈਰੀ ਮਾਨ ਦੇ ਗੀਤਾਂ ਨੇ ਇਹ ਸੋਚ ਪੈਦਾ ਕੀਤੀ ਕਿ ਜੇ ਦਿਲ ਟੁੱਟ ਜਾਵੇ ਤਾਂ ਉਸਦਾ ਹੱਲ ਨਸ਼ੇ ਵਿੱਚ ਡੁੱਬ ਜਾਣਾ ਹੈ।

ਐਮੀ ਵਿਰਕ ਦੇ ਕੁਝ ਗੀਤਾਂ ਵਿੱਚ ਵੀ ਇਹੋ ਜਿਹੀ ਲਹਿਰ ਦਿਖਾਈ ਦਿੰਦੀ ਹੈ, ਜਿੱਥੇ ਦੁੱਖ ਨਾਲ ਲੜਨ ਦੀ ਬਜਾਏ ਉਸ ਵਿੱਚ ਹੀ ਡਿੱਗ ਜਾਣ ਦੀ ਪ੍ਰੇਰਨਾ ਮਿਲਦੀ ਹੈ। ਇਹ ਸਿਰਫ ਗੀਤ ਨਹੀਂ ਰਹਿੰਦੇ, ਇਹ ਜੀਵਨ ਦੇ ਫੈਸਲੇ ਬਣ ਜਾਂਦੇ ਨੇ। ਇਹ ਸਾਰਾ ਕੁਝ ਇੱਕ ਦਿਨ ਵਿੱਚ ਨਹੀਂ ਹੋਇਆ। ਇਸ ਦੇ ਪਿੱਛੇ ਇੱਕ ਪੂਰਾ ਸਿਸਟਮ ਕੰਮ ਕਰ ਰਿਹਾ ਹੈ। ਮਿਊਜ਼ਿਕ ਇੰਡਸਟਰੀ, ਸੋਸ਼ਲ ਮੀਡੀਆ ਅਤੇ ਅਸੀਂ ਖੁਦ। ਸਚਾਈ ਇਹ ਹੈ ਕਿ ਅੱਜ ਕੱਲ ਗੀਤ ਲਿਖੇ ਨਹੀਂ ਜਾਂਦੇ, ਬਲਕਿ ਟਰੈਂਡ ਦੇ ਮੁਤਾਬਕ ਦੇਖਣ ਸੁਣਨ ਵਾਲਿਆਂ ਦੇ ਮੁਤਾਬਕ ਅਤੇ ਪੈਸੇ ਦੇ ਮੁਤਾਬਕ ਬਣਾਏ ਜਾਂਦੇ ਹਨ। ਕਲਾਕਾਰ ਹੁਣ ਇਹ ਨਹੀਂ ਸੋਚਦਾ ਕਿ ਉਹ ਕੀ ਕਹਿ ਰਿਹਾ ਹੈ, ਉਹ ਇਹ ਸੋਚਦਾ ਹੈ ਕਿ ਇਹ ਚੱਲੇਗਾ ਜਾਂ ਨਹੀਂ। ਸੱਚ ਬੋਲਣਾ ਖਤਰਨਾਕ ਹੋ ਗਿਆ ਹੈ ਤੇ ਬੇਮਤਲਬ ਗਾਉਣਾ ਫਾਇਦੇਮੰਦ। ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਅਸੀਂ ਇਸਨੂੰ ਸਵੀਕਾਰ ਵੀ ਕਰ ਚੁੱਕੇ ਹਾਂ। ਅੱਜ ਉਹੀ ਗੀਤ ਬਹੁਤਾਤ ਵਿੱਚ ਸੁਣੇ ਜਾ ਰਹੇ ਹਨ, ਜੋ ਬੇਹੱਦ ਮਾੜੇ ਹਨ, ਉਹੀ ਗੀਤ ਸ਼ੇਅਰ ਕਰਦੇ ਹਾਂ ਜੋ ਪਹਿਲਾਂ ਹੀ ਵਾਇਰਲ ਕੀਤੇ ਹੋਏ ਹਨ ਤੇ ਫਿਰ ਸ਼ਿਕਾਇਤ ਕਰਦੇ ਹਾਂ ਕਿ ਨੌਜਵਾਨ ਖਰਾਬ ਹੋ ਰਿਹਾ ਹੈ। ਅਸਲ ਵਿੱਚ ਨੌਜਵਾਨ ਆਪਣੇ ਆਪ ਨਹੀਂ ਖਰਾਬ ਹੋ ਰਿਹਾ, ਬਲਕਿ ਉਸਦੀ ਸੋਚ ਬਣਾਈ ਜਾ ਰਹੀ ਹੈ, ਹਰ ਰੋਜ਼, ਹਰ ਨਵੇਂ ਗੀਤ ਨਾਲ। ਇਹ ਗਾਇਕੀ ਹੁਣ ਸਿਰਫ ਮਨੋਰੰਜਨ ਨਹੀਂ ਰਹੀ, ਇਹ ਇੱਕ ਮਾਨਸਿਕ ਤਿਆਰੀ ਹੈ, ਜਿੱਥੇ ਨੌਜਵਾਨਾਂ ਨੂੰ ਸਿਖਾਇਆ ਜਾ ਰਿਹਾ ਹੈ ਕਿ ਨਸ਼ਾ ਆਮ ਹੈ, ਲੱਚਰਤਾ ਹੀ ਪਿਆਰ ਹੈ ਤੇ ਖੁਦ ਨੂੰ ਭੁੱਲ ਜਾਣਾ ਹੀ ਜੀਵਨ ਹੈ। ਜੇ ਇਹੀ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਬਚਦੀ ਖੁਚਦੀ ਨੌਜਵਾਨੀ ਵੀ ਅੰਦਰੋਂ ਪੂਰੀ ਤਰ੍ਹਾਂ ਟੁੱਟ ਜਾਵੇਗੀ। ਸਵਾਲ ਸਿਰਫ ਗਾਇਕਾਂ ਦਾ ਨਹੀਂ, ਸਵਾਲ ਸਾਡੀ ਚੋਣ ਦਾ ਵੀ ਹੈ। ਪਰ ਇਹ ਵੀ ਸੱਚ ਹੈ ਕਿ ਕਲਾਕਾਰ ਦੀ ਜ਼ਿੰਮੇਵਾਰੀ ਸਭ ਤੋਂ ਵੱਡੀ ਹੁੰਦੀ ਹੈ, ਕਿਉਂਕਿ ਉਸਦੀ ਇੱਕ ਲਾਈਨ ਹਜ਼ਾਰਾਂ ਦਿਮਾਗਾਂ ਵਿੱਚ ਵੱਸ ਜਾਂਦੀ ਹੈ। ਜੇ ਉਹ ਲਾਈਨ ਕੌਮੀ ਹਿੱਤਾਂ ਦੀ ਗੱਲ ਕਰਨ ਵਾਲੀ ਹੋਵੇਗੀ, ਤਾਂ ਸਿੱਧੂ ਮੂਸੇ ਵਾਲੇ ਦੇ ਐਸ ਵਾਈ ਐਲ ਗੀਤ ਵਾਂਗ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਤ ਕਰੇਗੀ, ਪਰ ਜਦੋਂ ਬਹੁ ਗਿਣਤੀ ਵਿੱਚ ਗਾਇਕਾਂ ਵੱਲੋਂ ਨਸ਼ੇ ਅਤੇ ਗੰਦ ਪਰੋਸਿਆ ਜਾਵੇਗਾ ਤਾਂ ਸੁਭਾਵਿਕ ਹੈ ਕਿ ਸਮਾਜ ਵੀ ਢਹਿੰਦੀ ਦਿਸ਼ਾ ਵੱਲ ਜਾਵੇਗਾ।

# 'ਨਕਸ਼ਾ ਪਾਸ ਪਰ ਉਸਾਰੀ ਨਿਯਮਾਂ ਦੇ ਉਲਟ!' ਨਗਰ ਨਿਗਮ ਜ਼ੋਨ-ਬੀ ਦੇ ਏ.ਟੀ.ਪੀ.ਦਾ ਖ਼ੁਲਾਸਾ

ਲੁਧਿਆਣਾ/ਸਾਹਨੇਵਾਲ, 25 ਮਾਰਚ (ਰਵਿੰਦਰ ਸਿੰਘ ਨਿੱਝਰ/ਕੁਲਦੀਪ ਸਿੰਘ ਕੁਹਾੜਾ) : ਲੁਧਿਆਣਾ ਨਗਰ ਨਿਗਮ ਦੇ ਜ਼ੋਨ ਬੀ ਦੇ ਇਲਾਕੇ ਵਿੱਚ ਨੈਸ਼ਨਲ ਹਾਈਵੇ ਕਿਨਾਰੇ ਨਾਜਾਇਜ਼ ਬਹੁਮੰਜਿਲੀ ਬਿਲਡਿੰਗ ਉਸਾਰੀਆਂ ਦੇ ਮਾਮਲੇ ਵਿੱਚ ਹੁਣ ਨਵਾਂ ਮੋੜ ਆ ਗਿਆ ਹੈ। ਪਹਿਲਾਂ ਇਸ ਮੁੱਦੇ 'ਤੇ ਨਗਰ ਨਿਗਮ ਜ਼ੋਨ ਬੀ ਦੇ ਸਬੰਧਤ ਏ.ਟੀ.ਪੀ.ਵੱਲੋਂ ਦਿੱਤੇ ਗਏ ਬਿਆਨ ਤੋਂ ਬਾਅਦ ਹੁਣ ਤਾਜ਼ਾ ਗੱਲਬਾਤ ਵਿੱਚ ਵੱਡਾ ਖੁਲਾਸਾ ਸਾਹਮਣੇ ਆਇਆ ਹੈ, ਜਿਸ ਨਾਲ ਇਹ ਸਾਫ ਹੋ ਗਿਆ ਹੈ ਕਿ ਮਾਮਲਾ ਗੰਭੀਰ ਉਲੰਘਣਾ ਨਾਲ ਜੁੜਿਆ ਹੋਇਆ ਹੈ।

ਯਾਦ ਰਹੇ ਕਿ ਕੁਝ ਦਿਨ ਪਹਿਲਾਂ ਵੀ ਦੇਸ਼ ਪ੍ਰਦੇਸ਼ ਅਖਬਾਰ ਵਿੱਚ ਖਬਰ ਪ੍ਰਕਾਸ਼ਿਤ ਹੋਣ ਸਮੇਂ ਸੰਬੰਧਤ ਏ.ਟੀ.ਪੀ. ਦਾ ਜਦੋਂ ਪੱਖ ਪੁੱਛਿਆ ਗਿਆ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਜੇਕਰ ਕੋਈ ਵੀ ਵਿਅਕਤੀ ਬਿਨਾਂ ਨਕਸ਼ਾ ਪਾਸ ਕਰਵਾਏ ਜਾਂ ਪਾਸ ਕੀਤੇ ਨਕਸ਼ੇ ਦੀ ਉਲੰਘਣਾ ਕਰਕੇ ਉਸਾਰੀ ਕਰ ਰਿਹਾ ਹੈ ਤਾਂ ਉਸ ਖਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਪਰ ਹੁਣ ਜਦੋਂ ਅੱਜ ਦੁਬਾਰਾ ਸੰਬੰਧਤ ਏ.ਟੀ.ਪੀ. ਨਾਲ ਉਨ੍ਹਾਂ ਦੇ ਮੋਬਾਈਲ ਫੋਨ 'ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਸਵੀਕਾਰਿਆ ਕਿ ਸੰਬੰਧਤ ਇਮਾਰਤ ਦਾ ਨਕਸ਼ਾ ਤਾਂ ਪਾਸ ਹੈ, ਪਰ ਉਸਾਰੀ ਪਾਸ ਕੀਤੇ ਨਕਸ਼ੇ ਮੁਤਾਬਕ ਨਹੀਂ ਹੋ ਰਹੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜੇ ਉਲੰਘਣਾ ਸਾਬਤ ਹੁੰਦੀ ਹੈ, ਤਾਂ ਬਣਦੀ ਕਾਨੂੰਨੀ



ਕਾਰਵਾਈ ਜ਼ਰੂਰ ਕੀਤੀ ਜਾਵੇਗੀ।

ਇਸ ਬਿਆਨ ਤੋਂ ਬਾਅਦ ਨਗਰ ਨਿਗਮ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਜਦੋਂ ਨਕਸ਼ਾ ਪਾਸ ਹੋਣ ਦੇ ਬਾਵਜੂਦ ਉਸਾਰੀ ਨਿਯਮਾਂ ਦੇ ਉਲਟ ਹੋ ਰਹੀ ਹੈ, ਤਾਂ ਫਿਰ ਇੰਨੇ ਸਮੇ ਤੱਕ ਨਿਗਰਾਨੀ ਕਿਉਂ ਨਹੀਂ ਕੀਤੀ ਗਈ? ਕੀ ਇਹ ਸਭ ਕੁਝ ਅਧਿਕਾਰੀਆਂ ਦੀ ਲਾਪਰਵਾਹੀ ਹੈ ਜਾਂ ਫਿਰ ਜਾਣਬੁੱਝ ਕੇ ਅੱਖਾਂ ਬੰਦ ਰੱਖੀਆਂ ਗਈਆਂ ਹਨ?

ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਹਾਈਵੇ ਕਿਨਾਰੇ ਨਿਯਮਾਂ ਦੀ ਉਲੰਘਣਾ ਕਰਕੇ ਬਣ ਰਹੀਆਂ ਇਮਾਰਤਾਂ ਨਾ ਸਿਰਫ ਟ੍ਰੈਫਿਕ ਲਈ ਖਤਰਾ ਬਣ ਰਹੀਆਂ ਹਨ, ਸਗੋਂ ਕਿਸੇ ਵੀ ਸਮੇਂ ਵੱਡੇ ਹਾਦਸੇ ਨੂੰ ਸੱਦਾ ਦੇ ਸਕਦੀਆਂ ਹਨ।

**ਲੋਕਾਂ ਨੇ ਵਿਜੀਲੈਂਸ ਜਾਂਚ ਦੀ ਕੀਤੀ ਮੰਗ :** ਲੋਕਾਂ ਨੇ ਮੰਗ ਕੀਤੀ ਹੈ ਕਿ ਐਸੀਆਂ ਇਮਾਰਤਾਂ ਖਿਲਾਫ ਤੁਰੰਤ ਕਾਰਵਾਈ ਕਰਕੇ ਉਨ੍ਹਾਂ ਨੂੰ ਸੀਲ ਕੀਤਾ ਜਾਵੇ। ਸਵਾਲ ਇਹ ਵੀ ਹੈ ਕਿ ਜੇ ਨਕਸ਼ਾ ਪਾਸ ਸੀ, ਤਾਂ ਉਸ ਦੀ ਉਲੰਘਣਾ ਕਿਵੇਂ ਹੋਈ? ਨਿਗਰਾਨੀ ਕਰਨ ਵਾਲੇ ਅਧਿਕਾਰੀ ਕਿੱਥੇ ਸਨ? ਕੀ ਮਿਲੀਭੁਗਤ ਤੋਂ ਬਿਨਾਂ ਇਹ ਸਭ ਸੰਭਵ ਹੈ?

ਲੋਕਾਂ ਨੇ ਮੰਗ ਕੀਤੀ ਹੈ ਕਿ ਤੁਰੰਤ ਸਾਈਟ ਦੀ ਜਾਂਚ ਕਰਕੇ ਰਿਪੋਰਟ ਜਨਤਕ ਕੀਤੀ ਜਾਵੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਇਮਾਰਤ 'ਤੇ ਤੁਰੰਤ ਰੋਕ ਲਗਾਈ ਜਾਵੇ ਅਤੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਵਿਜੀਲੈਂਸ ਬਿਊਰੋ ਤੋਂ ਜਾਂਚ ਕਰਵਾਕੇ ਸਖ਼ਤ ਕਾਰਵਾਈ ਕੀਤੀ ਜਾਵੇ।

**ਕੀ ਏ.ਟੀ.ਪੀ. ਕਰੇਗਾ ਕੋਈ ਕਾਰਵਾਈ :** ਹੁਣ ਸਾਰਿਆਂ ਦੀ ਨਜ਼ਰ ਨਗਰ ਨਿਗਮ ਲੁਧਿਆਣਾ ਜ਼ੋਨ ਬੀ 'ਤੇ ਟਿਕੀ ਹੋਈ ਹੈ। ਕੀ ਏ.ਟੀ.ਪੀ. ਦਾ ਬਿਆਨ ਸਿਰਫ ਕਾਗਜ਼ਾਂ ਤੱਕ ਹੀ ਸੀਮਿਤ ਰਹੇਗਾ ਜਾਂ ਫਿਰ ਹਕੀਕਤ ਵਿੱਚ ਵੀ ਕਾਰਵਾਈ ਕਰਕੇ ਨਾਜਾਇਜ਼ ਉਸਾਰੀਆਂ 'ਤੇ ਰੋਕ ਲਗਾਈ ਜਾਵੇਗੀ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਦਿਵਸ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 25 ਮਾਰਚ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਨਸ਼ਨ ਲੁਧਿਆਣਾ ਵਿਖੇ ਗੁਰ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਗਿਆ,ਜਿਸ ਅੰਦਰ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕੀਤਾ। ਸਮਾਗਮ ਅੰਦਰ ਭਾਈ ਗੁਰਮੁੱਖ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੱਥੇ ਨੇ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਦੌਰਾਨ. ਬਲਬੀਰ ਸਿੰਘ ਭਾਟੀਆ ਅੰਮ੍ਰਿਤ ਸਾਗਰ ਕੰਪਨੀ ਵਾਲੇ, ਤਜਿੰਦਰਪਾਲ ਸਿੰਘ ਤੇ ਬਲਬੀਰ ਸਿੰਘ ਖੁਰਾਣਾ ਨੇ ਸਾਂਝੇ ਰੂਪ ਵਿੱਚ ਕੀਰਤਨੀ ਜੱਥੇ ਦੇ ਸਮੂਹ ਮੈਂਬਰਾਂ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਵੀ ਕੀਤਾ। ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਇੰਦਰਜੀਤ ਸਿੰਘ ਮੱਕੜ, ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ,ਰਜਿੰਦਰ ਸਿੰਘ ਡੰਗ, ਸਰਬਜੀਤ ਸਿੰਘ ਦਸਮੇਸ਼ ਪੰਪ ਵਾਲੇ,ਭੁਪਿੰਦਰ ਸਿੰਘ ਅਰੋੜਾ, ਹਰਪਾਲ ਸਿੰਘ ਖਾਲਸਾ, ਭੁਪਿੰਦਰ ਸਿੰਘ ਜੁਨੇਜਾ, ਐਨ. ਪੀ ਸਿੰਘ ਕਥੂਰੀਆਂ, ਰਘਬੀਰ ਸਿੰਘ,ਮਹਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ, ਗੁਰਬਚਨ ਸਿੰਘ, ਅਤੱਰ ਸਿੰਘ ਮੱਕੜ, ਸੁਰਿੰਦਰਪਾਲ ਸਿੰਘ ਭੁਟੀਆਣੀ,ਅਵਤਾਰ ਸਿੰਘ ਮਿੱਢਾ ,ਹਰਪ੍ਰੀਤ ਸਿੰਘ ਨੀਟਾ,ਦਵਿੰਦਰ ਸਿੰਘ ਬਿੱਟੂ ,ਹਰਚਰਨ ਸਿੰਘ ਕਾਲੜਾ,ਕਵੱਲਪ੍ਰੀਤ ਸਿੰਘ ਸੋਢੀ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ, ਮਨਮੋਹਨ ਸਿੰਘ,ਜੋਗਿੰਦਰ ਸਿੰਘ ਸਲੂਜਾ, ਕੁਲਜੀਤ ਸਿੰਘ ਖੁਰਾਣਾ ਵੀ ਹਾਜ਼ਰ ਸਨ।

# ਗੰਦਗੀ ਦੇ ਮਾਮਲੇ ਵਿੱਚ ਪੰਜਾਬ ਵਿੱਚ ਨੰਬਰ ਵਨ ਹੈ ਮਿੰਨੀ ਸਕੱਤਰੇਤ ਦੀ ਬਹੁ ਮੰਜ਼ਲੀ ਪਾਰਕਿੰਗ : ਸੀ.ਪੀ.ਆਈ.

ਲੁਧਿਆਣਾ, 25 ਮਾਰਚ ਰਵਿੰਦਰ ਸਿੰਘ ਨਿੱਝਰ): ਮੇਰਾ ਰੰਗਲਾ ਪੰਜਾਬ ਮੇਰਾ ਖੁਸ਼ਹਾਲ ਪੰਜਾਬ -ਇਹ ਨਾਅਰੇ ਲੋਕਾਂ ਦੇ ਦਿਮਾਗ ਵਿੱਚ ਪਾਉਣ ਲਈ ਪੰਜਾਬ ਸਰਕਾਰ ਕਰੋੜਾਂ ਰੁਪਏ ਖਰਚ ਕਰਦੀ ਹੈ ਪਰ ਮਿਨੀ ਸਕੱਤਰੇਤ ਦੇ ਗੇਟ 'ਤੇ ਬਣੀ ਇਹ ਬਹੁ ਮੰਜ਼ਲੀ ਪਾਰਕਿੰਗ ਚੀਕ ਚੀਕ ਕੇ ਪੁਕਾਰ ਰਹੀ ਹੈ ਕਿ ਮੈਨੂੰ ਸਾਫ ਕਰੋ। ਇਸ ਦੇ ਸਾਫ ਸਫਾਈ ਦੀ ਜ਼ਿੰਮੇਵਾਰੀ ਕਿਸ ਦੀ ਹੈ? ਕੀ ਕੋਈ ਦੱਸ ਸਕਦਾ ਹੈ?

ਇਹ ਡਿਪਟੀ ਕਮਿਸ਼ਨਰ ਦਫਤਰ ਤੋਂ ਸਿਰਫ ਕੁਝ ਹੀ ਮੀਟਰ 'ਤੇ ਹੈ ਜਿੱਥੇ ਜ਼ਿਲ੍ਹੇ ਦੇ ਸਭ ਤੋਂ ਆਲਾ ਅਫਸਰ ਅਤੇ ਡਿਪਟੀ ਕਮਿਸ਼ਨਰ ਸਾਰੀ ਦਿਹਾੜੀ ਬੈਠਦੇ ਹਨ। ਇਸਤੋਂ ਵੀ ਅਫਸੋਸ ਵਾਲੀ ਗੱਲ ਇਹ ਹੈ ਕਿ ਇਹ ਏਡੀਸੀ ਵਿਕਾਸ ਦੇ ਗੇਟ ਦੇ ਬਿਲਕੁਲ ਸਾਹਮਣੇ ਹੈ। ਜਿੱਥੋਂ ਏਡੀਸੀ ਅੰਦਰ ਜਾਂਦੇ ਤੇ ਬਾਹਰ ਆਉਂਦੇ ਹਨ। ਏਡੀਸੀ ਦੇ ਦਫਤਰ ਦੇ ਬਾਹਰ ਦਾ ਹਾਲ ਦੇਖ ਲਓ। ਪਾਰਕਿੰਗ ਦੀ ਸਾਫ ਸਫਾਈ ਦੇਖ ਲਓ। ਜੇ ਕਿਤੇ ਤੁਹਾਨੂੰ ਉਸ ਤੋਂ ਉਪਰਲੀ ਮੰਜ਼ਿਲ 'ਤੇ ਆਪਣੀ ਗੱਡੀ ਲਾ ਕੇ ਪੌੜੀਆਂ ਦੇ ਵਿੱਚੋਂ ਹੇਠਾਂ ਆਉਣਾ ਪਵੇ(ਤੁਹਾਡੇ ਕੋਲ ਹੋਰ ਕੋਈ ਰਾਹ ਵੀ ਨਹੀਂ) ਤਾਂ ਸ਼ਾਇਦ ਤੁਸੀਂ ਬਿਮਾਰ ਵੀ ਹੋ ਸਕਦੇ ਹੋ। ਪਖਾਨਿਆਂ ਦੀ ਹਾਲਤ ਇਹ ਹੈ ਕਿ ਉੱਥੇ ਪਿਸ਼ਾਬ ਤਾਂ ਕਰਨਾ ਕੀ ਤੁਸੀਂ ਉਸ ਦੇ ਨੇੜੇ ਵੀ ਨਹੀਂ ਜਾ ਸਕਦੇ।

ਪਤਾ ਨਹੀਂ ਕਿਉਂ ਪ੍ਰਸ਼ਾਸਨ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ।ਦੂਸਰੀ ਸਭ ਤੋਂ ਵੱਡੀ ਗੱਲ ਪਾਰਕਿੰਗ ਦੀ ਲਿਫਟ ਦਾ ਬੰਦ ਹੋਣਾ। ਚੌਥੀ ਮੰਜ਼ਿਲ 'ਤੇ ਗੱਡੀ ਖੜ੍ਹੀ ਕਰਕੇ ਬੱਚੇ ਅਤੇ ਬਜ਼ੁਰਗਾਂ ਲਈ ਉਥੇ ਲਿਖ ਕੇ ਲਾਉਣਾ ਚਾਹੀਦਾ ਹੈ ਕਿ ਦਿਲ ਦੇ ਮਰੀਜ਼ ਜਾਂ ਬਲੱਡ ਪ੍ਰੈਸ਼ਰ ਦੇ ਮਰੀਜ਼ ਪੌੜੀਆਂ ਰਾਹੀਂ ਥੱਲੇ ਨਾ ਜਾਣ। ਸੀਪੀਆਈ ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਤੋਂ ਪਹਿਲਾਂ ਕਿ ਕੋਈ ਮੰਦਭਾਗੀ ਘਟਨਾ ਵਾਪਰੇ ਲਿਫਟ ਨੂੰ ਬਿਨਾਂ ਦੇਰੀ ਕੀਤੇ ਚਾਲੂ ਕੀਤਾ ਜਾਵੇ।

ਇਹੀ ਹਾਲ ਨਗਰ ਨਿਗਮ ਜੋਨ ਏ ਦੀ ਬਹੁ ਮੰਜ਼ਲੀ ਪਾਰਕਿੰਗ ਦਾ ਹੈ। ਕੋਈ ਵਿਰਲਾ ਹੀ ਹੋਵੇਗਾ ਜਿਹੜਾ ਇੱਕ ਵਾਰ ਉੱਥੇ ਜਾ ਕੇ ਆਣ ਤੋਂ ਬਾਅਦ ਦੂਜੀ ਵਾਰੀ ਜਾਣਦਾ ਹੌਸਲਾ ਕਰੇ। ਇਹਦੇ ਲਈ ਵੀ ਅਸੀਂ ਮੰਗ ਕਰਦੇ ਹਾਂ ਕਿ ਉਹਦੀ ਸਾਫ ਸਫਾਈ ਅਤੇ ਰੱਖ ਰਖਾਓ ਕੀਤਾ ਜਾਵੇ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਸ਼ਹਿਰੀ ਸਕੱਤਰ ਐਮ ਐਸ ਭਾਟੀਆ , ਡਾਕਟਰ ਅਰੁਣ ਮਿੱਤਰਾ , ਚਮਕੌਰ ਸਿੰਘ , ਰਮੇਸ਼ ਰਤਨ, ਵਿਜੇ ਕੁਮਾਰ ਅਤੇ ਕੇਵਲ ਸਿੰਘ ਬਨਵੈਤ ਸ਼ਾਮਿਲ ਹਨ।

# ਟੱਲੇਵਾਲੀਆ ਦਾ ਲਿਖਿਆ ਤੇ ਜਗਦੇਵ ਖ਼ਾਨ ਦਾ ਗਾਇਆ ਗੀਤ 'ਬਾਪੂ ਤੇਰੀ ਮਿਹਨਤ ਦਾ' ਰਿਲੀਜ਼

ਲੁਧਿਆਣਾ 25 ਮਾਰਚ (ਰਵਿੰਦਰ ਸਿੰਘ ਨਿੱਝਰ) : ਨਾਮਵਰ ਪੰਜਾਬੀ ਗੀਤਕਾਰ ਇੰਜੀਨੀਅਰ ਵਰਿੰਦਰ ਟੱਲੇਵਾਲੀਏ ਦਾ ਬਹੁਤ ਹੀ ਖੂਬਸੂਰਤ ਸ਼ਬਦਾਵਲੀ ਵਿੱਚ ਲਿਖਿਆ ਤੇ ਜਗਦੇਵ ਖਾਨ ਦੀ ਬੁਲੰਦ ਆਵਾਜ਼ ਵਿੱਚ ਗਾਇਆ ਗੀਤ ਅੱਜ ਇੰਜੀ, ਟੱਲੇਵਾਲੀਆ ਰਿਕਾਰਡਸ ਵੱਲੋਂ ਵਰਲਡ ਵਾਈਡ ਰਿਲੀਜ ਕੀਤਾ ਗਿਆ। ਇਸ ਮੌਕੇ ਗੀਤ ਵਾਰੇ ਗੱਲ ਕਰਦਿਆਂ ਇੰਜੀ. ਟੱਲੇਵਾਲੀਆ ਨੇ ਦੱਸਿਆ ਕਿ ਇਹ ਗੀਤ ਆਪਣੇ ਬਾਪੂ ਜੀ ਨੂੰ ਸਮਰਪਿਤ ਹੈ, ਬਾਪੂ ਜੀ ਵੱਲੋਂ ਪਰਿਵਾਰ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਆਪਣੀਆਂ ਖੁਸ਼ੀਆਂ ਅਤੇ ਸਿਹਤ ਦੀ ਪ੍ਰਵਾਹ ਕਰੇ ਬਿਨਾਂ ਉਹਨਾਂ ਵੱਲੋਂ ਦਿਨ ਰਾਤ ਕੀਤੀ ਗਈ, ਇਸ ਮਿਹਨਤ ਬਾਰੇ ਉਸ ਸਮੇਂ ਅਣਭੋਲ ਪੁਣੇ ਵਿੱਚ ਬੱਚਿਆਂ ਦੇ ਸਮਝ ਨਹੀਂ ਸੀ ਆ ਸਕਿਆ। ਉਸ ਸਮੇਂ ਹੋਈ ਭੁੱਲ ਨੂੰ ਇਸ ਗੀਤ ਦੇ ਬੋਲਾ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਹੈ, ਗੀਤ ਦੇ ਬੋਲ ਬਾਕਮਾਲ ਦੇ ਹਨ। ਇਸ ਗੀਤ ਦਾ ਸੰਗੀਤ ਕੀਰਤੀ ਮਿਊਜਿਕ ਸਟੂਡੀਓ



ਵੱਲੋਂ ਦਿੱਤਾ ਗਿਆ ਹੈ। ਉਮੀਦ ਹੈ ਕਿ ਸਰੋਤਿਆਂ ਨੂੰ ਇਹ ਗੀਤ ਬਹੁਤ ਪਸੰਦ ਆਵੇਗਾ। ਇਸ ਤੋਂ ਇਲਾਵਾ ਉਹਨਾਂ ਨੇ ਅੱਜ ਕੱਲ ਦੇ ਉਭਰਦੇ ਗੀਤਕਾਰਾਂ ਨੂੰ ਬੇਨਤੀ ਕੀਤੀ ਕਿ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਸੱਭਿਆਚਾਰਕ ਗੀਤ ਲਿਖਣ ਵਿੱਚ ਰੁਚੀ ਵਿਖਾਇਆ ਕਰਨ। ਨਸ਼ਿਆਂ, ਸ਼ਰਾਬਾਂ ਅਤੇ ਅਸਲੇ ਵਾਲੇ ਗੀਤਾਂ ਤੋਂ ਪਰਹੇਜ਼ ਕਰਿਆ ਕਰਨ, ਤਾਂ ਜੋ ਨਵੀਂ ਪੀੜੀ ਦੇ ਮਨਾਂ ਵਿੱਚ ਉਸਾਰੂ ਸੋਚ ਪੈਦਾ ਕੀਤੀ ਜਾ ਸਕੇ। ਇਸ ਤੋਂ ਪਹਿਲਾਂ ਵੀ ਇਸ ਗੀਤਕਾਰ ਦੇ ਕਈ ਹੋਰ ਸੱਭਿਆਚਾਰਕ ਗੀਤ ਆ ਚੁੱਕੇ ਹਨ, ਜੋ ਕਿ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤੇ ਜਾ ਰਹੇ ਹਨ।

# ਲੁਧਿਆਣਾ ਨਗਰ ਨਿਗਮ ਦਾ ਬਜਟ ਖੋਖਲਾ ਤੇ ਭ੍ਰਿਸ਼ਟਾਚਾਰ ਦੀ ਤਸਵੀਰ : ਦੀਵਾਨ



ਲੁਧਿਆਣਾ 25 ਮਾਰਚ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ (ਸ਼ਹਿਰੀ) ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਕਿਹਾ ਹੈ ਕਿ ਕੱਲ੍ਹ ਹੋਈ ਬਜਟ ਮੀਟਿੰਗ ਦੌਰਾਨ ਆਪ ਅਗਵਾਈ ਵਾਲੇ ਹਾਊਸ ਵੱਲੋਂ ਜਲਦਬਾਜੀ ਪਾਸ ਕੀਤਾ ਗਿਆ ਲੁਧਿਆਣਾ ਨਗਰ ਨਿਗਮ ਦਾ ਸਾਲਾਨਾ ਬਜਟ ਬਿਲਕੁਲ ਖੋਖਲਾ ਹੈ। ਇੱਥੇ ਜਾਰੀ ਇੱਕ ਤਿੱਖੇ ਬਿਆਨ ਵਿੱਚ ਦੀਵਾਨ ਨੇ ਕਿਹਾ ਕਿ ਸਿਰਫ਼ ਪੰਜ ਮਿੰਟਾਂ ਵਿੱਚ 1258.80 ਕਰੋੜ ਰੁਪਏ ਦਾ ਬਜਟ ਬਿਨਾਂ ਕਿਸੇ ਚਰਚਾ ਦੇ ਪਾਸ ਕਰ ਦਿੱਤਾ ਗਿਆ। ਇਸ ਨਾਲ ਨਾ ਪਾਰਦਰਸ਼ਤਾ ਲਈ ਕੋਈ ਥਾਂ ਰਹੀ ਅਤੇ ਨਾ ਹੀ ਜਵਾਬਦੇਹੀ ਲਈ ਕੋਈ ਕੰਮਾਂ ਲਕ ਕੋਈ ਫੰਡ ਨਾ ਜਾਰੀ ਕਰਕੇ ਬਜਟ ਸਿਰਫ਼ ਇਕ ਢੋਂਗ ਵਜੋਂ ਸਾਹਮਣੇ ਆਇਆ ਹੈ, ਜਿਹੜਾ ਸ਼ਹਿਰ ਦੀ ਸੇਵਾ ਲਈ ਨਹੀਂ, ਸਗੋਂ ਭ੍ਰਿਸ਼ਟਾਚਾਰ ਨੂੰ ਢੱਕਣ ਲਈ ਤਿਆਰ ਕੀਤਾ ਗਿਆ ਹੈ। ਦੀਵਾਨ ਨੇ ਕਿਹਾ ਹੈ ਕਿ ਇਹ ਦਸਤਾਵੇਜ਼ ਤਰੱਕੀ ਦੀ ਬਜਾਏ ਗੜਬੜੀਆਂ ਨੂੰ ਵਾਧਾ ਦੇਣ ਲਈ ਤਿਆਰ ਕੀਤਾ ਗਿਆ ਲੱਗਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਜਟ ਨਗਰ ਨਿਗਮ ਦੀਆਂ ਵੱਖ-ਵੱਖ ਬਰਾਂਚਾਂ ਵੱਲੋਂ ਫੀਸਾਂ ਅਤੇ ਟੈਕਸਾਂ ਦੀ ਵਸੂਲੀ ਵਿੱਚ ਨਾਕਾਮੀ ਨੂੰ ਬੇਨਕਾਬ ਕਰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸ਼ਹਿਰ ਵਿੱਚ ਸੈਂਕੜਿਆਂ ਸ਼ਰਾਬ ਦੀਆਂ ਦੁਕਾਨਾਂ ਹੋਣ ਦੇ ਬਾਵਜੂਦ ਐਕਸਾਈਜ਼ ਟੈਕਸ ਸਿਰਫ਼ 15 ਕਰੋੜ ਰੁਪਏ ਤੱਕ ਸੀਮਿਤ ਰੱਖਿਆ ਗਿਆ ਹੈ ਜੋ ਕਿ ਗੰਭੀਰ ਗੜਬੜੀਆਂ ਦਾ ਸੰਕੇਤ ਹੈ।

ਲੁਧਿਆਣਾ ਦੀ ਸਫਾਈ ਪ੍ਰਣਾਲੀ ਖਰਾਬ ਹਾਲਤ ਵਿੱਚ ਹੈ, ਜਦਕਿ ਸੋਲਿਡ ਵੇਸਟ ਮੈਨੇਜਮੈਂਟ ਦੇ ਨਾਮ 'ਤੇ ਕਰੋੜਾਂ ਰੁਪਏ ਰਾਖਵੇਂ ਦਿਖਾਏ ਗਏ ਹਨ। ਇਸੇ ਤਰ੍ਹਾਂ, ਗੈਰ-ਕਾਨੂੰਨੀ ਇਮਾਰਤਾਂ ਬਿਨਾਂ ਰੋਕ-ਟੋਕ ਦੇ ਬਣ ਰਹੀਆਂ ਹਨ ਅਤੇ ਨਿਗਮ ਦੀ ਬਿਲਡਿੰਗ ਬ੍ਰਾਂਚ ਬਕਾਇਆ ਰਕਮ ਵਸੂਲਣ ਵਿੱਚ ਨਾਕਾਮ ਰਹੀ ਹੈ। ਬੁੱਢਾ ਨਾਲਾ ਸਾਫ ਕਰਨ ਲਈ 3 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ, ਜਦਕਿ ਸਮਾਰਟ ਸਿਟੀ ਮਿਸ਼ਨ ਹੇਠ ਪਹਿਲਾਂ ਹੀ ਪੋਕਲੈਨ ਮਸ਼ੀਨਾਂ ਖਰੀਦੀਆਂ ਜਾ ਚੁੱਕੀਆਂ ਹਨ। ਦੀਵਾਨ ਨੇ ਕਿਹਾ ਕਿ ਓਐਂਡਐਮ ਬ੍ਰਾਂਚ ਵੱਲੋਂ ਇਹ ਤੱਕ ਨਹੀਂ ਦੱਸਿਆ ਗਿਆ ਕਿ ਕਿੱਥੇ-ਕਿੱਥੇ ਕੰਮ ਕੀਤਾ ਗਿਆ ਹੈ ਜਾਂ ਕਿੰਨੀ ਤਰੱਕੀ ਹੋਈ ਹੈ। ਇਹ ਚੁੱਪੀ ਸਾਫ ਤੌਰ ਤੇ ਕਾਫੀ ਕੁਝ ਬਿਆਨ ਕਰਦੀ ਹੈ ਅਤੇ ਗੜਬੜੀਆਂ ਨੂੰ ਸਪੱਸ਼ਟ ਕਰਦੀ ਹੈ। ਦੀਵਾਨ ਨੇ ਕਿਹਾ ਕਿ ਇਹ ਬਜਟ ਲੁਧਿਆਣਾ ਦੇ ਨਾਗਰਿਕਾਂ ਨਾਲ ਧੋਖੇ ਦੇ ਬਰਾਬਰ ਹੈ ਅਤੇ ਇਸ ਮਾਮਲੇ ਵਿੱਚ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਦੀ ਲੋੜ ਹੈ।


## ਦੀ ਜੰਮੂ ਐਂਡ ਕਸ਼ਮੀਰ ਬੈਂਕ ਲਿਮ. (ਜਲੰਧਰ)

ਜਨਤਕ ਸੂਚਨਾ :- ਆਮ ਜਨਤਾ ਲਈ ਸੂਚਨਾ ਕੇ ਲਾਲ ਲਕੀਰ ਅਧੀਨ ਪੈਂਦੀਆਂ ਇਹ ਸੰਪੱਤੀਆਂ ਸਾਡੇ ਬੈਂਕ ਕੋਲ ਗਿਰਵੀ ਹਨ :-

| ਲ.ਨੰ. | ਖਾਤਾ ਨੰਬਰ | ਕੁੱਲ ਅਗਾਊਂ | ਫਰਮ ਅਤੇ ਵਿਅਕਤੀ ਦਾ ਨਾਮ | ਸੰਪੱਤੀ ਦਾ ਵੇਰਵਾ |
|---|---|---|---|---|
| 1. | 109268000000168 | Rs.29,57,000.00 | 1. ਸੁਰਿੰਦਰ ਕੁਮਾਰ ਸਪੁੱਤਰ ਮੋਹਨ ਲਾਲ ਅਤੇ ਆਕਾਸ਼ ਸਪੁੱਤਰ ਸੁਰਿੰਦਰ ਸਲਹੋਤਰਾ, ਦੋਵੇਂ ਵਾਸੀ ਮਕਾਨ ਨੰ. ਡਬਲਿਊਜੀ-259, ਮੁਹੱਲਾ ਇਸਲਾਮਾਬਾਦ ਜਲੰਧਰ 144001 | ਸੁਰਿੰਦਰ ਕੁਮਾਰ ਸਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ. ਡਬਲਿਊਜੀ-259 ਮੁਹੱਲਾ ਇਸਲਾਮਾਬਾਦ ਜਲੰਧਰ 144001 ਦੇ ਨਾਮ 'ਤੇ ਦਰਜ ਲਾਲ ਲਕੀਰ ਦੇ ਅੰਦਰ ਆਬਾਦੀ ਮੁਹੱਲਾ ਇਸਲਾਮਾਬਾਦ, ਜਲੰਧਰ ਵਿਖੇ ਸਥਿਤ 1406.50 ਵਰਗ ਫੁੱਟ ਮਾਪ ਵਾਲੇ ਕੁੱਲ ਰਕਬੇ ਦੇ ਮਕਾਨ ਨੰ. ਡਬਲਿਊਜੀ 259 'ਤੇ ਸੰਪੱਤੀ ਦੀ ਨਿਆਂਸੰਗਤ ਗਿਰਵੀ। |
| 2. | 0109268000000170 | Rs.55,00,000.00 | ਦਿਨੇਸ਼ ਕੁਮਾਰ ਸਪੁੱਤਰ ਰਮੇਸ਼ ਕੁਮਾਰ ਵਾਸੀ ਮਕਾਨ ਨੰ 139, ਗਲੀ ਨੰ. 12, ਟੈਗੋਰ ਨਗਰ, ਜਲੰਧਰ 1 ਜਲੰਧਰ ਪੰਜਾਬ 144002 | ਦਿਨੇਸ਼ ਕੁਮਾਰ ਸਪੁੱਤਰ ਸ੍ਰੀ ਰਮੇਸ਼ ਕੁਮਾਰ ਵਾਸੀ 139/12, ਟੈਗੋਰ ਨਗਰ ਜਲੰਧਰ ਦੇ ਨਾਮ 'ਤੇ ਨਿਊ ਮਾਰਕਿਟ, ਸਿਵਲ ਹਸਪਤਾਲ, ਜੀਟੀ ਰੋਡ ਜਲੰਧਰ (ਲਾਲ ਲਕੀਰ ਦੇ ਅੰਦਰ) ਵਿਖੇ ਸਥਿਤ ਵਪਾਰਕ ਸੰਪੱਤੀ ਦੁਕਾਨ ਨੰ. 23 ਦੀ ਨਿਆਂਸੰਗਤ ਗਿਰਵੀ। |

ਮਿਤੀ : 25.03.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

GRIHUM HOUSING FINANCE

ਰਜਿਸਟਰਡ ਦਫ਼ਤਰ: 6ਵੀਂ ਮੰਜ਼ਿਲ ਬੀ-ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਓਂ, ਪੁਣੇ-411014

ਸਰਫਾਇਸੀ ਐਕਟ, 2002 ਦੀ ਧਾਰਾ 13(2) ਦੇ ਤਹਿਤ ਮੰਗ ਨੋਟਿਸ

ਤੁਸੀਂ ਹੇਠਾਂ ਦੱਸੇ ਗਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਜ਼ਾਮਨਾਂ ਨੇ ਗ੍ਰੀਹਮ ਹਾਊਸਿੰਗ ਫਾਈਨੈਂਸ ਲਿਮਟਿਡ (ਪਹਿਲਾਂ ਪੂਨਾਵਾਲਾ ਹਾਊਸਿੰਗ ਫਾਈਨੈਂਸ ਲਿਮਟਿਡ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਜਿਸਨੂੰ ਪੂਨਾਵਾਲਾ ਹਾਊਸਿੰਗ ਫਾਈਨੈਂਸ ਲਿਮਟਿਡ ਦੇ ਨਾਮ ਨਾਲ ਜਾਣਿਆ ਜਾਂਦਾ ਸੀ, 1 ਗ੍ਰੀਹਮ ਹਾਊਸਿੰਗ ਫਾਈਨੈਂਸ ਲਿਮਟਿਡ ਵਿੱਚ ਬਦਲ ਕੇ ਜਾਇਦਾਦ ਸਹੂਲਤ (ਾਂ) ਦੇ ਵਿਰੁੱਧ ਘਰੇਲੂ ਕਰਜ਼ੇ/ਕਰਜ਼ੇ ਪ੍ਰਾਪਤ ਕੀਤੇ ਹਨ ਇੱਥੇ ਸੁਰੱਖਿਅਤ ਕਰਜ਼ਾਦਾਤਾ ਵਜੋਂ ਜਾਣੇ ਜਾਣ ਤੋਂ ਬਾਅਦ। ਤੁਸੀਂ ਮੁੜ ਅਦਾਇਗੀ ਵਿੱਚ ਡਿਫਾਲਟ ਕੀਤਾ ਅਤੇ ਇਸ ਲਈ, ਤੁਹਾਡੇ ਕਰਜ਼ੇ/ਕਰਜ਼ਿਆਂ ਨੂੰ ਗੈਰ-ਪ੍ਰਦਰਸ਼ਨ ਕਰਨ ਵਾਲੀਆਂ ਜਾਇਦਾਦਾਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਵਿੱਤੀ ਸੰਪਤੀ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੇ ਲਾਗੂਕਰਨ ਦੀ ਧਾਰਾ 13(2) ਦੇ ਤਹਿਤ ਇੱਕ ਮੰਗ ਨੋਟਿਸ ਪਿਛਲੇ ਜਾਣੇ-ਪਛਾਣੇ ਪਤਿਆਂ 'ਤੇ ਭੇਜੇ ਗਏ ਬਕਾਏ ਦੀ ਵਸੂਲੀ ਲਈ ਹਾਲਾਂਕਿ ਉਹ ਬਿਨਾਂ ਸੇਵਾ ਕੀਤੇ ਵਾਪਸ ਆ ਗਏ ਹਨ। ਇਸ ਲਈ ਜਿਸਦੀ ਸਮੱਗਰੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸ ਦੇ ਨਾਲ ਐਕਟ ਦੀ ਧਾਰਾ 13(2) ਦੇ ਅਨੁਸਾਰ, ਜੋ ਕਿ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 3(1) ਦੇ ਨਾਲ ਪੜ੍ਹਿਆ ਜਾਂਦਾ ਹੈ ਅਤੇ ਤੁਹਾਡੇ ਉੱਤੇ ਵਿਕਲਪਿਕ ਸੇਵਾ ਦੇ ਰੂਪ ਵਿੱਚ।

ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਜ਼ਾਮਨਾਂ, ਜ਼ਾਮਨੀਆਂ, ਬਕਾਇਆ ਰਕਮਾਂ, 13(2) ਦੇ ਤਹਿਤ ਭੇਜੇ ਗਏ ਮੰਗ ਸੂਚਨਾ ਅਤੇ ਇਸ ਦੇ ਅਧੀਨ ਦਾਅਵਾ ਕੀਤੀ ਗਈ ਰਕਮ ਦੇ ਵੇਰਵੇ ਹੇਠ ਦਿੱਤੇ ਗਏ ਹਨ

| ਲ.ਨੰ. | ਕਰਜ਼ਦਾਰ,ਸਹਿ-ਕਰਜ਼ਦਾਰ, ਜ਼ਾਮਨਾ ਦਾ ਨਾਮ, ਅਤੇ ਕਰਜ਼ਾ ਰਕਮ | ਸੁਰੱਖਿਅਤ ਸੰਪਤੀ ਦੇ ਵੇਰਵੇ | 1. ਮੰਗ ਨੋਟਿਸ ਮਿਤੀ<br>2. ਬਕਾਇਆ ਰਕਮ ਰੁਪਏ ਵਿੱਚ। |
|---|---|---|---|
| 1. | ਰਾਮ ਪਾਲ, ਸੋਨੂੰ, ਰੰਜਨਾ<br>ਕਰਜ਼ੇ ਦੀ ਰਕਮ: 1000000/-ਰੁਪਏ<br>ਲੋਨ ਨੰਬਰ: HL00595100000005056373 | ਸਾਲ 2021-2022 ਦੀ ਜਮ੍ਹਾਂਬੰਦੀ ਅਨੁਸਾਰ ਕਰਤਾਰਪੁਰ-4 ਜਿਲ੍ਹਾ ਜਲੰਧਰ ਦੇ ਖੇਤਰ ਵਿੱਚ 3/8 ਮਰਲੇ ਮਾਪ ਵਾਲੇ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖੇਵਟ ਨੰ: 313/300 ਖਤੌਨੀ ਨੰ: 427 ਖਸਰਾ ਨੰ: 996 ਵਿੱਚ ਸ਼ਾਮਲ 0 ਕਨਾਲ 18 ਮਰਲਾ ਦਾ 3/8 ਹਿੱਸਾ ਅਤੇ 0 ਕਨਾਲ 6 3/4 ਮਰਲੇ (ਕਿਰਨ ਲਤਾ) ਦਾ ਹਿੱਸਾ ਜੋ ਕਿ ਰਕਬਾ ਕਰਤਾਰਪੁਰ-4 ਜਿਲ੍ਹਾ ਜਲੰਧਰ ਜਮਾਂਬੰਦੀ ਸਾਲ 2021-2022 ਲਈ ਖੇਵਟ ਨੰ: 313/300 ਖਤੌਨੀ 427 ਖਸਰਾ ਨੰ: 996 ਵਿੱਚ ਸ਼ਾਮਲ 0 ਕਨਾਲ 18 ਮਰਲੇ ਦਾ 1/18 ਰਕਬਾ (ਭਾਰਤ ਭੂਸ਼ਣ) ਦੇ ਖੇਤਰ ਲਈ ਨਿਰਭਰ ਕਰਦਾ ਹੈ। ਹੱਦਬੰਦੀ ਪੂਰਬ:- ਜੋਗਾ ਸਿੰਘ, ਪੱਛਮ:-ਪ੍ਰਿੰਸ ਅਰੋੜਾ, ਉੱਤਰ:-ਸੜਕ ਦੱਖਣ:- ਜੋਗਾ ਸਿੰਘ | 17.03.2026<br>1016011/- ਰੁਪਏ (ਦਸ ਲੱਖ ਸੋਲਾਂ ਹਜ਼ਾਰ ਗਿਆਰਾਂ ਰੁਪਏ ਕੇਵਲ) 13.00% ਸਾਲਾਨਾ ਵਿਆਜ ਸਮੇਤ, ਜਦੋਂ ਤੱਕ ਕਿ ਅਦਾਇਗੀ ਨਹੀਂ ਹੋ ਜਾਂਦੀ। |
| 2. | ਗੁਰਮਿੰਦਰ ਸਿੰਘ, ਜਸਵਿੰਦਰ ਸਿੰਘ,ਰਾਜਿੰਦਰ ਸਿੰਘ<br>ਕਰਜ਼ੇ ਦੀ ਰਕਮ: 890000/- ਰੁਪਏ<br>ਲੋਨ ਨੰਬਰ: HL00567100000005054736 | ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਾਤਾ ਨੰਬਰ 247/266 ਖਸਰਾ ਨੰਬਰ 26//12/3 (0-8) ਜਮ੍ਹਾਂਬੰਦੀ ਸਾਲ 2019-20 ਅਨੁਸਾਰ ਰਕਬਾ 3 ਮਰਲਾ 37 ਵਰਗ ਫੁੱਟ ਹੱਦਬੰਦੀ ਪੂਰਬ- ਸੜਕ, ਪੱਛਮ- ਗੁਰੂਦੁਆਰਾ ਸਾਹਿਬ, ਉੱਤਰ ਜੋਗਿੰਦਰ ਪਾਲ, ਦੱਖਣ- ਨਾਲਾ, ਮਾਪ-11 ਫੁੱਟ 6 ਇੰਚ, ਪੱਛਮ, 27 ਫੁੱਟ 6 ਇੰਚ, ਉੱਤਰ, 45 ਫੁੱਟ 6 ਇੰਚ, ਦੱਖਣ, 46 ਫੁੱਟ 7 ਇੰਚ | 20.03.2026<br>961847/- ਰੁਪਏ (ਨੌਂ ਲੱਖ ਇੱਕਾਠ ਹਜ਼ਾਰ ਅੱਠ ਸੌ ਸੰਤਾਲੀ ਰੁਪਏ ਕੇਵਲ) 13.85% ਸਾਲਾਨਾ ਵਿਆਜ ਸਮੇਤ, ਜਦੋਂ ਤੱਕ ਕਿ ਅਦਾਇਗੀ ਨਹੀਂ ਹੁੰਦੀ। |

ਤੁਹਾਨੂੰ ਕਰਜ਼ਦਾਰ/ਾਂ ਅਤੇ ਸਹਿ-ਕਰਜ਼ਦਾਰ/ਾਂ/ਜ਼ਾਮਨਾਂ ਨੂੰ ਇਸ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਤੋਂ 60 ਦਿਨਾਂ ਦੇ ਅੰਦਰ ਮੁਕੰਮਲ ਰੂਪ ਵਿਚ ਉਕਤ ਦਰਸਾਈ ਰਕਮ ਨੂੰ ਅਗਲੇਰੇ ਵਿਆਜ ਸਮੇਤ ਉਕਤ ਦਰਸਾਈ ਮੰਗ ਰਕਮ ਦਾ ਭੁਗਤਾਨ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਨਿਮਨ ਹਸਤਾਖ਼ਰੀ ਉਕਤ ਦਰਸਾਈ ਸੁਰੱਖਿਆ/ਸੁਰੱਖਿਆਵਾਂ ਦਾ ਕਬਜ਼ਾ ਲੈਣ ਲਈ ਕਾਨੂੰਨ ਦੇ ਤਹਿਤ ਕਾਰਵਾਈ ਕਰਨ ਲਈ ਮਜਬੂਰ ਹੋ ਜਾਣਗੇ। ਕਿਰਪਾ ਕਰਕੇ ਨੋਟ ਕਰੋ ਕਿ ਦਰਸਾਏ ਕਾਨੂੰਨ ਦੀ ਧਾਰਾ 13 (13) ਦੇ ਅਨੁਸਾਰ, ਤੁਹਾਡੇ ਉਪਰ ਇਸ ਦੌਰਾਨ ਸਾਡੀ ਮਨਜ਼ੂਰੀ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਉਕਤ ਦਰਸਾਈਆਂ ਜ਼ਾਮਨੀਆਂ ਦਾ ਤਬਾਦਲਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ।

*ਕਿਸੇ ਵੀ ਸਥਿਤੀ ਵਿੱਚ ਜੇਕਰ ਸਥਾਨਕ ਭਾਸ਼ਾ ਦੇ ਪ੍ਰਕਾਸ਼ਨ ਅਤੇ ਅੰਗਰੇਜ਼ੀ ਅਖਬਾਰ ਪ੍ਰਕਾਸ਼ਨ ਦੀ ਸਮੱਗਰੀ ਵਿੱਚ ਕੋਈ ਅੰਤਰ ਹੈ, ਤਾਂ ਬਿਜ਼ਨਸ ਸਟੈਂਡਰਡ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਅਖਬਾਰ ਭਾਸ਼ਾ ਦੀ ਸਮੱਗਰੀ ਨੂੰ ਪ੍ਰਬਲ ਮੰਨਿਆ ਜਾਵੇਗਾ।*

ਸਥਾਨ:-ਪੰਜਾਬ ਸਹੀ/- ਅਧਿਕਾਰਤ ਅਧਿਕਾਰੀ
ਮਿਤੀ:-26-03-2026 ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

## ਕੋਟਕ ਮਹਿੰਦਰਾ ਬੈਂਕ ਲਿਮ.

kotak Kotak Mahindra Bank Limited

ਪੰਜੀਕ੍ਰਿਤ ਦਫ਼ਤਰ : 27 ਬੀਕੇਸੀ, ਸੀ-27, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051
ਸ਼ਾਖਾ ਦਫ਼ਤਰ : ਐਸਸੀਓ 120, 6ਵੀਂ ਮੰਜ਼ਿਲ, ਫਿਰੋਜ਼ ਗਾਂਧੀ ਮਾਰਕਿਟ, ਫਿਰੋਜ਼ਪੁਰ ਰੋਡ, ਭਾਈ ਵਾਲਾ ਚੌਕ, ਲੁਧਿਆਣਾ-141001

ਜਿਥੇ ਕਿ ਨਿਮਨ ਹਸਤਾਖ਼ਰੀ ਵੱਲੋਂ **ਕੋਟਕ ਮਹਿੰਦਰਾ ਬੈਂਕ ਲਿਮ.** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਭੁਗਤਾਨ ਦੀ ਅਸਲ ਮਿਤੀ ਤੱਕ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ ਦਰਸਾਈਆਂ ਸੂਚਨਾਵਾਂ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਸਬੰਧਤ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਏ ਕਰਜ਼ਦਾਰ/ਾਂ ਨੂੰ ਮੰਗ ਸੂਚਨਾਵਾਂ ਜਾਰੀ ਕੀਤੀਆਂ ਸਨ। ਦਰਸਾਏ ਕਰਜ਼ਦਾਰ (ਾਂ) - ਸਹਿ-ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਦਰਸਾਈਆਂ ਮਿਤੀਆਂ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਸਬੰਧਤ ਮਿਤੀਆਂ ਤੋਂ ਭਾਵੀ ਵਿਆਜ, ਲਾਗਤਾਂ ਅਤੇ ਫੀਸਾਂ ਸਮੇਤ ਇਥੇ ਦਰਸਾਈ ਰਕਮ ਦੇ ਲਈ **ਕੋਟਕ ਮਹਿੰਦਰਾ ਬੈਂਕ ਲਿਮ.** ਦੇ ਚਾਰਜ ਨਾਲ ਸਬੰਧਤ ਹੋਵੇਗੀ। ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਕਰਜ਼ਦਾਰਾਂ, ਸੂਚੀਬੱਧ ਸੰਪੱਤੀ, ਬਕਾਇਆ ਰਕਮਾਂ, ਧਾਰਾ 13 (2) ਦੇ ਅਧੀਨ ਭੇਜੀ ਮੰਗ ਸੂਚਨਾ, ਦਾਅਵਾ ਕੀਤੀ ਰਕਮ ਅਤੇ ਕਬਜ਼ੇ ਦੀ ਮਿਤੀ ਦੇ ਵੇਰਵੇ ਨਿਮਨ ਦਰਸਾਏ ਅਨੁਸਾਰ ਹਨ :-

| ਕਰਜ਼ਦਾਰ, ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ, ਕਰਜ਼ ਖਾਤਾ ਨੰਬਰ, ਕਰਜ਼ੇ ਦੀ ਰਕਮ | ਅਚੱਲ ਸੰਪੱਤੀ ਦੇ ਵੇਰਵੇ | 1. ਕਬਜ਼ੇ ਦੀ ਮਿਤੀ 2. ਕਬਜ਼ੇ ਦੀ ਕਿਸਮ 3. ਮੰਗ ਸੂਚਨਾ ਦੀ ਮਿਤੀ 4. ਬਕਾਇਆ ਰਕਮ ਰੁ. 'ਚ |
|---|---|---|
| 1. ਸ਼੍ਰੀਮਤੀ ਗੁਲਜ਼ਾਰ ਰੇਨ ਸਪੁੱਤਰ ਹਕੀਮ ਰੇਨ ਅਤੇ 2. ਸਮੀਨਾ ਖਾਤੂਨ ਸੁਪਤਨੀ ਸ਼੍ਰੀਮਤੀ ਗੁਲਜ਼ਾਰ ਰੇਨ **ਦੋਵੇਂ ਦਾ ਪਤਾ** :- ਗਲੀ ਨੰ: 2, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007। **ਦੋਵਾਂ ਦਾ ਪਤਾ**: ਮੁਹੰਮਦ ਗੁਲਜ਼ਾਰ ਰੇਨ ਪਲਾਟ ਨੰ: 43-ਏ, ਖਸਰਾ ਨੰ: 3/5-6 ਖਾਤਾ ਨੰ: 31/32-32-33 ਬਾਂਧੀਆ, ਵਾਕਿਆ ਗਾਂਵ, ਜੰਗੀਰਪੁਰ, ਹਦਬਸਤ ਨੰ.-70, ਆਬਾਦੀ ਮੌਡਲ ਕਾਲੋਨੀ, ਗਲੀ ਨੰ.-07, ਲੁਧਿਆਣਾ, ਪੰਜਾਬ-141007 ਲੋਨ ਖਾਤਾ ਨੰਬਰ: 610139211354222 ਮਨਜ਼ੂਰ ਕਰਜ਼ੇ ਦੀ ਰਕਮ: ਰੁਪਏ 25,70,558/- (ਪੱਚੀ ਲੱਖ ਸੱਤਰ ਹਜ਼ਾਰ ਪੰਜ ਸੌ ਅਠਵੰਜਾ ਰੁਪਏ ਸਿਰਫ਼) | ਪਲਾਟ ਨੰਬਰ 43-ਏ, ਘੇਰਾਬੰਦੀ ਵਾਲਾ ਖੇਤਰ 100 ਵਰਗ ਗਜ਼, ਖਸਰਾ ਨੰਬਰ 3/5-6 ਖਟਾ ਨੰਬਰ 31/32-32-33 ਬੰਧੀਆਂ, ਵਾਕਿਆ ਗਣਵ, ਜੰਗੀਰਪੁਰ, ਹਦਬਸਤ ਨੰਬਰ-70, ਆਬਾਦੀ ਮੌਡਲ ਕਲੋਨੀ, ਗਲੀ ਨੰਬਰ-07, ਲੁਧਿਆਣਾ, ਜਿਸਦੀ ਹੱਦ ਇਸ ਤਰ੍ਹਾਂ ਹੈ:- ਉੱਤਰ - ਪਲਾਟ ਨੰਬਰ-37, ਦੱਖਣ - ਗਲੀ 20' ਫਿੱਟ, ਪੂਰਬ - ਪਲਾਟ ਨੰਬਰ-43-ਏ, ਪੱਛਮ-ਪਲਾਟ ਨੰਬਰ-43-ਏ। ਗਿਰਵੀ ਰੱਖਣ ਵਾਲੇ ਦਾ ਨਾਮ: ਮੁਹੰਮਦ ਗੁਲਜ਼ਾਰ ਰੇਨ | 1.20.03.2026<br>2. ਭੌਤਿਕ ਕਬਜ਼ਾ<br>3.21.03.2024<br>4. 31,25,396/- ਰੁਪਏ (ਇਕੱਤੀ ਲੱਖ ਪੱਚੀ ਹਜ਼ਾਰ ਤਿੰਨ ਸੌ ਛਿਆਨਵੇਂ ਰੁਪਏ) ਬਕਾਇਆ ਅਤੇ 16.03.2026 ਤੱਕ ਲਾਗੂ ਵਿਆਜ ਸਮੇਤ 17.03.2026 ਤੋਂ ਪੂਰਾ ਭੁਗਤਾਨ ਹੋਣ ਤੱਕ ਭੁਗਤਾਨਯੋਗ। |

ਸਥਾਨ : ਪੰਜਾਬ ਅਧਿਕਾਰਤ ਅਧਿਕਾਰੀ
ਮਿਤੀ : 24.03.2026 ਕੋਟਕ ਮਹਿੰਦਰਾ ਬੈਂਕ ਲਿਮਿਟਿਡ

ਕਿਸੇ ਵੀ ਪੁੱਛਗਿੱਛ ਲਈ ਕਿਰਪਾ ਕਰਕੇ ਨੀਰਜ ਕੁਮਾਰ (ਮੋਬ- +919716686150), ਰਵਿੰਦਰ ਗੋਦਾਰਾ (ਮੋਬ- 9983999074), ਸ੍ਰੀ ਸ਼ੇਰਜੰਗ ਸਿੰਘ (ਮੋਬ- 9991005571) ਨਾਲ ਸੰਪਰਕ ਕਰੋ।

## ਵਸੂਲੀ ਅਧਿਕਾਰੀ-I/II ਦਾ ਦਫ਼ਤਰ
## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./541/2019 11.02.2026

ਸਟੇਟ ਬੈਂਕ ਆਫ ਇੰਡੀਆ
ਬਨਾਮ
ਯੌਰਕ ਸ਼ਾਇਰ ਫੂਡ ਪ੍ਰੋਡਕਟਸ

ਵੱਲ,

(ਸੀਡੀ 1) **ਯੌਰਕ ਸ਼ਾਇਰ ਫੂਡ ਪ੍ਰੋਡਕਟਸ**, ਪਿੰਡ ਤੇ ਡਾਕਖਾਨਾ ਪੰਡੋਗਾ, ਤਹਿਸੀਲ ਇਸਪੁਰ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼), ਇਸ ਦੇ ਭਾਈਵਾਲਾਂ ਰਾਹੀਂ।
(ਸੀਡੀ 2) **ਸ੍ਰੀ ਲਖਬੀਰ ਸਿੰਘ ਗਿੱਲ** ਸਪੁੱਤਰ ਬੂਆ ਸਿੰਘ ਦੱਤਾ ਸਟ੍ਰੀਟ, ਪਿੱਪਲਾਂਵਾਲਾ ਹੁਸ਼ਿਆਰਪੁਰ, ਪੰਜਾਬ।
(ਸੀਡੀ 3) **ਸ੍ਰੀ ਕਮਲ ਨੈਨ ਗਿੱਲ** ਸਪੁੱਤਰ ਸ੍ਰੀ ਸੁਖਦੀਪ ਸਿੰਘ, ਪਿੰਡ ਤੇ ਡਾਕਖਾਨਾ ਮਾਨੋਚਾਹਲ, ਤਰਨ ਤਾਰਨ, ਪੰਜਾਬ।
(ਸੀਡੀ 4) **ਸ੍ਰੀ ਅਨੁਜ ਸੂਦ** ਸਪੁੱਤਰ ਸ੍ਰੀ ਸਤਪਾਲ ਸੂਦ, ਸੂਦ ਹਾਊਸ, ਸਾਹਮਣੇ ਕੇਅਰ ਮੈਕਸ ਹਸਪਤਾਲ, ਮਾਲ ਰੋਡ, ਹੁਸ਼ਿਆਰਪੁਰ, ਪੰਜਾਬ।

ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਓਏ/428/2018** ਵਿਚ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)** ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 16.03.2018 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 12.15% **ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 86,08,030.47 (ਰੁਪਏ ਛਿਆਸੀ ਲੱਖ ਅੱਠ ਹਜ਼ਾਰ ਤੀਹ ਅਤੇ ਸੰਤਾਲੀ ਪੈਸੇ ਕੇਵਲ)** ਦੀ ਰਕਮ ਅਤੇ ਰੁ. 89,250/- **(ਰੁਪਏ ਉਣਾਨਵੇਂ ਹਜ਼ਾਰ ਦੋ ਸੌ ਪੰਜਾਹ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**

2. **ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ** ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ **11.08.2026 ਨੂੰ ਸਵੇਰੇ 10.30 ਵਜੇ** ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸੰਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 11.02.2026 ਨੂੰ ਜਾਰੀ।**

ਸਹੀ/- ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

## ADITYA BIRLA CAPITAL — ਕਰਜ਼ੇ ਨਿਵੇਸ਼ ਬੀਮਾ ਭੁਗਤਾਨ

ਆਦਿਤਯ ਬਿਰਲਾ ਕੈਪੀਟਲ ਲਿਮਟਿਡ

ਰਜਿਸਟਰਡ ਦਫ਼ਤਰ: ਇੰਡੀਅਨ ਰੇਅਨ ਕੰਪਾਊਂਡ, ਵੇਰਾਵਲ, ਗੁਜਰਾਤ-362266, ਸ਼ਾਖਾ ਦਫ਼ਤਰ : ਪਲਾਟ ਨੰ. 17, ਵਿਜਯ ਬਿਲਡਿੰਗ, ਦੂਜੀ ਮੰਜ਼ਿਲ, ਬਾਰਾਖੰਬਾ ਰੋਡ, ਨਵੀਂ ਦਿੱਲੀ-110001

ਸੰਕੇਤਕ ਕਬਜ਼ਾ ਸੂਚਨਾ
[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਦੇ ਅਧੀਨ]

[illegible]

ਅਚੱਲ ਸੰਪੱਤੀ ਦੇ ਵੇਰਵੇ

[illegible]

| ਟਾਵਰ | ਖੇਤਰ | ਯੂਨਿਟ ਨੰਬਰ | ਯੂਨਿਟ | ਕਿਸਮ |
|---|---|---|---|---|
| 12-ਵੀਂ ਮੰਜ਼ਿਲ | 447 | ਦਫਤਰ-45 | ਦਫਤਰ-45-12-ਵੀਂ ਮੰਜ਼ਿਲ | ਦਫਤਰ ਜਗ੍ਹਾ |
| 15ਵੀਂ ਮੰਜ਼ਿਲ | 447 | ਦਫਤਰ-23 | ਦਫਤਰ-23-15ਵੀਂ ਮੰਜ਼ਿਲ | ਦਫਤਰ ਜਗ੍ਹਾ |
| 15ਵੀਂ ਮੰਜ਼ਿਲ | 447 | ਦਫਤਰ-24 | ਦਫਤਰ-24-15ਵੀਂ ਮੰਜ਼ਿਲ | ਦਫਤਰ ਜਗ੍ਹਾ |
| 15ਵੀਂ ਮੰਜ਼ਿਲ | 447 | ਦਫਤਰ-25 | ਦਫਤਰ-25-15ਵੀਂ ਮੰਜ਼ਿਲ | ਦਫਤਰ ਜਗ੍ਹਾ |
| 15ਵੀਂ ਮੰਜ਼ਿਲ | 447 | ਦਫਤਰ-26 | ਦਫਤਰ-26-15ਵੀਂ ਮੰਜ਼ਿਲ | ਦਫਤਰ ਜਗ੍ਹਾ |
| ਛੱਤੀ ਮੰਜ਼ਿਲ | 1573 | ਯੂਨਿਟ-24 | ਯੂਨਿਟ-24-ਛੱਤੀ ਮੰਜ਼ਿਲ | ਛੱਤ |

ਮਿਤੀ :23.03.2026 ਅਧਿਕਾਰਤ ਅਧਿਕਾਰੀ, (ਆਦਿਤਯ ਬਿਰਲਾ ਕੈਪੀਟਲ ਲਿਮਿਟਿਡ)

## SBI ਸਟੇਟ ਬੈਂਕ ਆਫ ਇੰਡੀਆ

ਐਚਐਲਸੀ ਹੁਸ਼ਿਆਰਪੁਰ

[ਨਿਯਮ 8 (1)] ਸੰਕੇਤਕ ਕਬਜ਼ਾ (ਅਚੱਲ ਸੰਪੱਤੀ ਦੇ ਲਈ)

ਜਦੋਂ ਕਿ, ਹੇਠ ਹਸਤਾਖਰ ਕਰਨ ਵਾਲਾ, ਸਟੇਟ ਬੈਂਕ ਆਫ਼ ਇੰਡੀਆ, ਐਚਐਲਸੀ ਹੁਸ਼ਿਆਰਪੁਰ ਦਾ ਅਧਿਕਾਰਤ ਅਧਿਕਾਰੀ ਹੈ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਦੱਸੀ ਗਈ ਮਿਤੀ 'ਤੇ ਕਰਜ਼ਾ ਲੈਣ ਵਾਲੇ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਉਧਾਰ ਲੈਣ ਵਾਲੇ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਡਿਮਾਂਡ ਨੋਟਿਸ ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ।

ਕਰਜ਼ਦਾਰ/ਜ਼ਾਮਨ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਖਾਤੇ ਦੇ ਵਿਰੁੱਧ ਦੱਸੀ ਗਈ ਮਿਤੀ 'ਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਉਸਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਸੰਪੱਤੀ/ਆਂ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਖਾਸ ਕਰਕੇ ਕਰਜ਼ਦਾਰ/ਗਾਰੰਟਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਸੰਪੱਤੀ/ਆਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਸੰਪੱਤੀ/ਆਂ ਨਾਲ ਕੋਈ ਵੀ ਲੈਣ-ਦੇਣ ਸਟੇਟ ਬੈਂਕ ਆਫ਼ ਇੰਡੀਆ ਦੇ ਚਾਰਜ ਦੇ ਅਧੀਨ ਹੋਵੇਗਾ, ਹੇਠਾਂ ਦੱਸੀ ਗਈ ਰਕਮ ਅਤੇ ਉਸ 'ਤੇ ਹੋਰ ਚਾਰਜ/ਖਰਚੇ।

ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।

| ਕਰਜ਼ਦਾਰ (ਾਂ)/ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: ਸ਼੍ਰੀਮਤੀ ਆਸ਼ਾ (ਮ੍ਰਿਤਕ) ਪਤਨੀ ਸਵਰਗੀ ਸ਼੍ਰੀ ਜਨਕ ਰਾਜ (ਮ੍ਰਿਤਕ), ਨਿਵਾਸੀ ਮੁਹੱਲਾ ਨਵਾਂ ਸ਼ਾਸਤਰੀ ਨਗਰ (ਨਲੋਈਆਂ), ਵਾਰਡ ਨੰ. 48, ਪੁਰਾਣਾ ਟਾਂਡਾ ਰੋਡ, ਜ਼ਿਲ੍ਹਾ ਹੁਸ਼ਿਆਰਪੁਰ। ਸ਼੍ਰੀਮਤੀ ਆਸ਼ਾ (ਮ੍ਰਿਤਕ) ਦੇ ਕਾਨੂੰਨੀ ਵਾਰਸ: 1. ਸ਼੍ਰੀ ਪਰਵੀਨ ਕੁਮਾਰ ਪੁੱਤਰ ਸਵਰਗੀ ਸ਼੍ਰੀ ਜਨਕ ਰਾਜ। 2. ਚਾਂਦ ਰਾਣੀ ਪੁੱਤਰ ਸਵਰਗੀ ਸ਼੍ਰੀ ਜਨਕ ਰਾਜ। 3. ਜੋਤੀ ਪੁੱਤਰ ਸਵਰਗੀ ਸ਼੍ਰੀ ਜਨਕ ਰਾਜ। 4. ਸੋਨੀਆ ਪੁੱਤਰੀ ਸਵਰਗੀ ਸ਼੍ਰੀ ਜਨਕ ਰਾਜ। ਸ਼੍ਰੀਮਤੀ ਆਸ਼ਾ, ਸਾਰਾ ਨਿਵਾਸੀ ਮੁਹੱਲਾ ਨਿਊ ਸ਼ਾਸਤਰੀ ਨਗਰ (ਨਲੋਈਆਂ), ਵਾਰਡ ਨੰ. 48, ਪੁਰਾਣਾ ਟਾਂਡਾ ਰੋਡ, ਜ਼ਿਲ੍ਹਾ ਹੁਸ਼ਿਆਰਪੁਰ ਦੀ ਕੋਈ ਹੋਰ ਕਾਨੂੰਨੀ ਵਾਰਸ। ਜ਼ਾਮਨ : ਸ਼੍ਰੀ ਪਰਵੀਨ ਕੁਮਾਰ ਪੁੱਤਰੀ ਸਵਰਗੀ ਸ਼੍ਰੀ ਜਨਕ ਰਾਜ, ਨਿਵਾਸੀ ਮੁਹੱਲਾ ਨਿਊ ਸ਼ਾਸਤਰੀ ਨਗਰ (ਨਲੋਈਆਂ), ਵਾਰਡ ਨੰ. 48, ਪੁਰਾਣਾ ਟਾਂਡਾ ਰੋਡ, ਜ਼ਿਲ੍ਹਾ ਹੁਸ਼ਿਆਰਪੁਰ। | 2 ਮਰਲੇ 131 ਵਰਗ ਫੁੱਟ ਦੀ ਜਾਇਦਾਦ ਦਾ ਸਾਰਾ ਹਿੱਸਾ, ਜੋ ਕਿ ਖਾਤਾ ਨੰਬਰ 353/372, ਖਸਰਾ ਨੰਬਰ 33//3(8-0), 33//8(8-0), ਸਾਲ 2016-17 ਦੀ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਨਲੋਈਆਂ, ਹੱਦਬਸਟ ਨੰਬਰ 225, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸ਼੍ਰੀਮਤੀ ਆਸ਼ਾ ਪਤਨੀ ਸ਼੍ਰੀ ਦੇ ਨਾਮ 'ਤੇ ਹੈ। ਜਨਕ ਰਾਜ ਦੁਆਰਾ ਦਸਤਾਵੇਜ਼ ਨੰਬਰ 2020-21/156/1/4089 ਮਿਤੀ 11.12.2020। ਹੇਠ ਲਿਖੇ ਅਨੁਸਾਰ ਸੀਮਾਬੱਧ ਪੂਰਬ: ਵਿਕਰੇਤਾ, ਪੱਛਮ: ਮੁਕੰਦੀ ਦੇ ਮੰਦਰ, ਉੱਤਰ: ਸ਼੍ਰੀ ਸ਼ਿੰਧਪਾਲ, ਦੱਖਣ: ਰਸਤਾ। | 03.01.2026 (18.01.2026 ਨੂੰ ਅਖ਼ਬਾਰ ਵਿਚ ਪ੍ਰਕਾਸ਼ਿਤ) | 24.03.2026 | 03.01.2026 ਨੂੰ 8,03,317/- ਰੁਪਏ (ਅੱਠ ਲੱਖ ਤਿੰਨ ਹਜ਼ਾਰ ਤਿੰਨ ਸੌ ਸਤਾਰਾਂ ਰੁਪਏ ਸਿਰਫ਼) ਅਤੇ ਇਸ 'ਤੇ ਹੋਰ ਵਿਆਜ ਅਤੇ ਹੋਰ ਖਰਚੇ। |

ਮਿਤੀ : 25.03.2026 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ

## pnb ਪੰਜਾਬ ਨੈਸ਼ਨਲ ਬੈਂਕ

...ਭਰੋਸੇ ਦਾ ਪ੍ਰਤੀਕ !

ਸਟ੍ਰੈਸਡ ਅਸੇਟ ਮੈਨੇਜਮੈਂਟ ਸੈਕਸ਼ਨ, ਸਰਕਲ ਦਫ਼ਤਰ, ਕੰਪਨੀ ਬਾਗ ਸਿਵਲ ਲਾਈਨਜ਼, ਜਲੰਧਰ-144001
Tel No.: 0181-222-4922, Phone No.: 94780-05251, E-Mail- cojalsam@pnb.bank.in

ਕਬਜ਼ਾ ਸੂਚਨਾ (ਅਚੱਲ ਜਾਇਦਾਦ ਲਈ)
[ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8(1) ਦੇ ਤਹਿਤ]

ਜਦੋਂ ਕਿ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਦਿੱਤੇ ਗਏ ਇੱਕ ਡਿਮਾਂਡ ਨੋਟਿਸ ਮਿਤੀਆਂ ਜਾਰੀ ਕੀਤੀਆਂ, ਜਿਸ ਵਿੱਚ ਕਰਜ਼ਦਾਰ(ਆਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ, ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਹੈ। ਕਰਜ਼ਦਾਰ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਐਕਟ ਦੀ ਧਾਰਾ 13(4) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ, ਖਾਤੇ ਦੇ ਵਿਰੁੱਧ ਦੱਸੀਆਂ ਮਿਤੀਆਂ 'ਤੇ ਲਿਆ ਹੈ।

ਖਾਸ ਕਰਕੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ/ਵਸਤਾਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦ/ਵਸਤਾਂ ਨਾਲ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਵੱਲੋਂ ਰਕਮ ਅਤੇ ਉਸ 'ਤੇ ਵਿਆਜ ਲਈ ਚਾਰਜ ਦੇ ਅਧੀਨ ਹੋਵੇਗਾ, ਜੇਕਰ ਕੋਈ ਹੋਵੇ ਤਾਂ ਵਸੂਲੀ ਨੂੰ ਘਟਾ ਕੇ।

ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਜੋ ਉਹਨਾਂ ਕੋਲ ਉਪਲਬਧ ਸਮੇਂ ਦੇ ਸੰਬੰਧ ਵਿੱਚ ਸੁਰੱਖਿਅਤ ਜਾਇਦਾਦਾਂ ਨੂੰ ਛੁਡਾਉਣ ਲਈ ਹੈ।

| ਕਰਜ਼ਦਾਰ/ਮਾਲਕ/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਮੰਗ ਸੂਚਨਾ ਦੀ ਮਿਤੀ ਨੂੰ ਬਕਾਇਆ ਰਕਮ |
|---|---|---|---|---|
| ਬੀਓ : ਬਸਤੀ ਨਊ ਜਲੰਧਰ<br>ਕਰਜ਼ਦਾਰ: ਸ਼੍ਰੀ ਅਨਿਲ ਕਪੂਰ ਪੁੱਤਰ ਅਸ਼ਵਨੀ ਕਪੂਰ (ਕਰਜਦਾਰ/ਗਿਰਵੀਕਾਰ) ਅਤੇ ਸ਼੍ਰੀਮਤੀ ਆਂਚਲ ਕਪੂਰ ਪਤਨੀ ਸ੍ਰੀ ਅਨਿਲ ਕਪੂਰ (ਸਹਿ-ਕਰਜ਼ਦਾਰ/ਗਿਰਵੀਕਾਰ) | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਵਿੱਚ ਮਕਾਨ ਨੰ. 229 ਮਾਪ ਲਗਭਗ 3 ਮਰਲਾ 166 ਵਰਗ ਫੁੱਟ (23.5'* 33.5' = 787 ਵਰਗ ਫੁੱਟ 207 ਵਰਗ ਫੁੱਟ ਪ੍ਰਤੀ ਮਰਲਾ) ਦਾ ਬਰਾਬਰ ਗਿਰਵੀਨਾਮਾ ਸ਼ਾਮਲ ਹੈ, ਜੋ ਕਿ ਖਸਰਾ ਨੰਬਰ 10648,10636, 10638, 10647 ਵਿੱਚ ਸ਼ਾਮਲ ਹੈ, ਜੋ ਕਿ ਸ਼੍ਰੀਮਤੀ ਆਂਚਲ ਪਤਨੀ ਅਨਿਲ ਕਪੂਰ ਅਤੇ ਸ਼੍ਰੀ ਅਨਿਲ ਕਪੂਰ ਪੁੱਤਰ ਅਸ਼ਵਨੀ ਕਪੂਰ ਵਾਸੀ ਮਕਾਨ ਨੰ. 118 ਗਲੀ ਨੰ. 1 ਕਿਸ਼ਨਪੁਰਾ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਦੇ ਨਾਮ 'ਤੇ ਆਬਾਦੀ ਬਲਦੇਵ ਨਗਰ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਜੋ ਕਿ ਵਿਕਰੀ ਡੀਡ ਨੰਬਰ 6552 ਮਿਤੀ 05.09.2016 ਅਨੁਸਾਰ ਐਸ.ਆਰ. ਜਲੰਧਰ ਹੁਣ ਮਕਾਨ ਨੰ. 229 ਬਲਦੇਵ ਨਗਰ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਰਹਿ ਰਿਹਾ ਹੈ, ਜਿਸਦੀ ਹੱਦਬੰਦੀ ਇਸ ਪ੍ਰਕਾਰ ਹੈ: ਹੱਦਬੰਦੀ; ਵਿਕਰੀ ਡੀਡ ਦੇ ਅਨੁਸਾਰ ਪੂਰਬ: ਪਲਾਟ ਦਾ ਬਾਕੀ ਹਿੱਸਾ, ਪੱਛਮ: ਪਵਨ ਕੁਮਾਰ, ਉੱਤਰ: ਗਲੀ, ਦੱਖਣ: ਮਾਇਆ ਦੇਵੀ, ਮਲਕੀਅਤ: ਸ਼੍ਰੀ ਅਨਿਲ ਕਪੂਰ ਪੁੱਤਰ ਅਸ਼ਵਨੀ ਕਪੂਰ (ਕਰਜ਼ਦਾਰ/ਗਿਰਵੀਕਾਰ) ਅਤੇ ਸ਼੍ਰੀਮਤੀ ਆਂਚਲ ਕਪੂਰ ਅਨਿਲ ਕਪੂਰ (ਸਹਿ-ਕਰਜ਼ਦਾਰ/ਕਰਜ਼ਦਾਰ) ਪਤਾ 1-ਮਕਾਨ ਨੰਬਰ 229 ਬਲਦੇਵ ਨਗਰ ਜਲੰਧਰ-144009, ਐਡ.2-ਐਚ.ਨੰਬਰ 118, ਕਿਸ਼ਨਪੁਰਾ ਗਲੀ ਨੰਬਰ 1 ਜਲੰਧਰ-144004 | 09.01.2026 | 20.03.2026 | 13,16,558.00 ਰੁਪਏ (ਤੇਰਾਂ ਲੱਖ ਸੋਲ੍ਹਾਂ ਹਜ਼ਾਰ ਪੰਜ ਸੌ ਅਠਵੰਜਾ ਰੁਪਏ ਕੇਵਲ) ਜਮ੍ਹਾਂ 01.01.2026 ਤੋਂ ਭਵਿੱਖੀ ਵਿਆਜ ਅਤੇ ਉਸ 'ਤੇ ਇਤਫਾਕੀਆ ਖਰਚੇ, ਜੇਕਰ ਕੋਈ ਹੋਵੇ ਤਾਂ ਘੱਟ ਰਿਕਵਰੀ। |

ਮਿਤੀ : 20.03.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## pnb ਪੰਜਾਬ ਨੈਸ਼ਨਲ ਬੈਂਕ

...ਭਰੋਸੇ ਦਾ ਪ੍ਰਤੀਕ !

ਸਟ੍ਰੈਸਡ ਅਸੇਟ ਮੈਨੇਜਮੈਂਟ ਸੈਕਸ਼ਨ, ਸਰਕਲ ਦਫ਼ਤਰ, ਕੰਪਨੀ ਬਾਗ ਸਿਵਲ ਲਾਈਨਜ਼, ਜਲੰਧਰ-144001
Tel No.: 0181-222-4922, Phone No.: 94780-05251, E-Mail- cojalsam@pnb.bank.in

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਇਸ ਤੋਂ ਬਾਅਦ 'ਐਕਟ' ਕਿਹਾ ਜਾਵੇਗਾ) ਦੀ ਧਾਰਾ 13 (2) ਦੇ ਤਹਿਤ ਮੰਗ ਨੋਟਿਸ

ਹੇਠਾਂ ਦੱਸੇ ਗਏ ਸਾਰੇ ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਵੇਰਵਿਆਂ ਅਨੁਸਾਰ ਉਨ੍ਹਾਂ ਦੁਆਰਾ ਲਏ ਗਏ ਕਰਜ਼ੇ ਸਬੰਧਤ ਮਿਤੀ ਨੂੰ ਐਨਪੀਏ ਬਣ ਗਏ ਹਨ। ਹੇਠ ਹਸਤਾਖਰ ਕਰਨ ਵਾਲੇ, ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(2) ਦੇ ਅਧੀਨ ਪ੍ਰਾਪਤ ਸ਼ਕਤੀ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰ/ਜ਼ਾਮਨ (ਾਂ) ਨੂੰ ਇੱਥੇ ਦੱਸੀਆਂ ਗਈਆਂ ਮਿਤੀਆਂ 'ਤੇ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ ਜਿਸ ਵਿੱਚ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਸਬੰਧਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ (ਰਾਸ਼ੀ) ਨੂੰ ਨੋਟਿਸ ਦੇ 60 ਦਿਨਾਂ ਦੇ ਅੰਦਰ ਵਾਪਸ ਕਰਨ ਲਈ ਕਿਹਾ ਗਿਆ ਹੈ। ਉਕਤ ਮੰਗ ਨੋਟਿਸ (ਰਾਸ਼ਟਰਪਤੀਆਂ) ਨੂੰ ਬਦਲਵੀਂ ਸੇਵਾ ਦੇ ਢੰਗ ਰਾਹੀਂ ਵੀ ਭੇਜਿਆ ਗਿਆ ਸੀ। ਇਸ ਲਈ, ਤੁਹਾਡੇ ਵਿੱਚੋਂ ਹਰੇਕ ਨੂੰ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 (ਸੱਠ) ਦਿਨਾਂ ਦੇ ਅੰਦਰ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ ਹੇਠਾਂ ਦੱਸੀ ਗਈ ਬਕਾਇਆ ਰਕਮ ਦਾ ਭੁਗਤਾਨ ਕਰਨ ਲਈ ਨੋਟਿਸ ਲੈਣ ਲਈ ਕਿਹਾ ਜਾਂਦਾ ਹੈ, ਨਹੀਂ ਤਾਂ ਬੈਂਕ ਧਾਰਾ 13 ਦੀ ਉਪ ਧਾਰਾ (4) ਅਤੇ ਉਕਤ ਐਕਟ ਦੇ ਹੋਰ ਲਾਗੂ ਉਪਬੰਧਾਂ ਦੇ ਅਧੀਨ ਸਾਰੇ ਜਾਂ ਕਿਸੇ ਵੀ ਅਧਿਕਾਰ ਦੀ ਵਰਤੋਂ ਕਰੇਗਾ। ਇਹ ਦੱਸਣ ਦੀ ਲੋੜ ਨਹੀਂ ਕਿ ਇਹ ਨੋਟਿਸ ਤੁਹਾਨੂੰ ਸੰਬੋਧਿਤ ਕੀਤਾ ਗਿਆ ਹੈ, ਬੈਂਕ ਕੋਲ ਉਪਲਬਧ ਕਿਸੇ ਹੋਰ ਉਪਾਅ ਪ੍ਰਤੀ ਪੱਖਪਾਤ ਕੀਤੇ ਬਿਨਾਂ।

"ਅਸੀਂ ਸਰਫਾਇਸੀ ਐਕਟ ਦੀ ਧਾਰਾ 13(8) ਦੇ ਉਪਬੰਧਾਂ ਅਤੇ ਉੱਥੇ ਬਣਾਏ ਗਏ ਨਿਯਮਾਂ ਵੱਲ ਧਿਆਨ ਖਿੱਚਦੇ ਹਾਂ ਜੋ ਪ੍ਰਤੀਭੂਤੀਆਂ ਉੱਤੇ ਤੁਹਾਡੇ ਛੁਟਕਾਰਾ ਪਾਉਣ ਦੇ ਅਧਿਕਾਰਾਂ ਨਾਲ ਸੰਬੰਧਿਤ ਹਨ"

| ਸ਼ਾਖਾ, ਕਰਜ਼ਦਾਰਾਂ/ਜ਼ਾਮਨਾਂ/ਭਾਈਵਾਲਾਂ/ਗਿਰਵੀਕਾਰ ਦਾ ਨਾਮ | ਸੰਪੱਤੀ ਦੇ ਵੇਰਵੇ | ਐਨਪੀਏ ਦੀ ਮਿਤੀ / ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|
| ਮਾਡਲ ਹਾਊਸ, ਜਲੰਧਰ (660800)<br>ਕਰਜ਼ਦਾਰ/ਗਿਰਵੀਕਾਰ: 1) ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਤਰਸੇਮ ਸਿੰਘ, ਪਤਾ (a) ਵਾਸੀ 172 ਬਾਬਾ ਈਸ਼ਰ ਸਿੰਘ ਨਗਰ, ਫੇਜ਼ 1 ਪਿੰਡ ਫੋਲੜੀਵਾਲ, ਜਲੰਧਰ, 144005, ਪਤਾ (b) ਪਲਾਟ ਨੰਬਰ 113 ਨਿਊ ਲਾਈਟ ਸੋਸਾਇਟੀ, ਫੇਜ਼ 2 ਨਿਊ ਪੀਐਨਬੀ ਬੈਂਕ ਐਨਕਲੇਵ ਜਲੰਧਰ, 144001, ਪਤਾ (c) ਪੰਜਾਬ ਨੈਸ਼ਨਲ ਬੈਂਕ ਜ਼ੋਨਲ ਦਫ਼ਤਰ, ਚੰਡੀਗੜ੍ਹ SCO 31/42 ਬੈਂਕ ਸਕੁਏਅਰ 17 ਸੀ ਸੈਕਟਰ 17 ਚੰਡੀਗੜ੍ਹ, 160017 ਅਤੇ 2) ਸ਼੍ਰੀਮਤੀ ਪ੍ਰੀਤੀ ਅਟਵਾਲ ਪਤਨੀ ਸ਼੍ਰੀ ਗੁਰਪ੍ਰੀਤ ਸਿੰਘ ਪਤਾ (a) ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਜਮਸ਼ੇਰ ਖਾਸ ਜ਼ਿਲ੍ਹਾ ਜਲੰਧਰ, 144020, ਪਤਾ (b) ਪਲਾਟ ਨੰਬਰ 113. ਨਿਊ ਲਾਈਟ ਸੋਸਾਇਟੀ, ਫੇਜ਼ 2 ਨਿਊ ਪੀਐਨਬੀ ਬੈਂਕ ਐਨਕਲੇਵ ਜਲੰਧਰ, 144001, ਪਤਾ (c) ਵਾਸੀ 172. ਬਾਬਾ ਈਸ਼ਰ ਸਿੰਘ ਨਗਰ, ਫੇਜ਼ 1 ਪਿੰਡ ਫੋਲਰੀਵਾਲ, ਜਲੰਧਰ, 144005 | ਰਿਹਾਇਸ਼ੀ ਜਾਇਦਾਦ ਨੰਬਰ 113, 07 ਮਰਲੇ 164 ਵਰਗ ਫੁੱਟ (32'-10"X63'। ਇੱਕ ਮਰਲਾ = 272 ਵਰਗ ਫੁੱਟ) ਦਾ ਬਰਾਬਰ ਗਿਰਵੀਨਾਮਾ ਜੋ ਕਿ ਦ ਨਿਊ ਲਾਈਟ ਕੋ-ਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ ਫੇਜ਼-2, ਬੈਂਕ ਐਨਕਲੇਵ ਦੇ ਨੇੜੇ, ਪਿੰਡ ਕਿੰਗਰਾ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ ਜੋ ਕਿ ਖਸਰਾ ਨੰਬਰ 613, ਖੇਵਟ/ਖਤੌਨੀ ਨੰਬਰ 45/154, ਹੱਦਬਸਤ ਨੰਬਰ 301 ਵਿੱਚ ਸ਼ਾਮਲ ਹੈ। ਮਾਲਕੀ: ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਤਰਸੇਮ ਸਿੰਘ ਅਤੇ ਸ਼੍ਰੀਮਤੀ ਪ੍ਰੀਤੀ ਅਟਵਾਲ ਪਤਨੀ ਗੁਰਪ੍ਰੀਤ ਸਿੰਘ ਜਿਸਦੀ ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ: ਖਾਲੀ ਪਲਾਟ ਨੰਬਰ 112, ਪੱਛਮ: ਖਾਲੀ ਪਲਾਟ ਨੰਬਰ 114, ਉੱਤਰ: ਦੂਜਿਆਂ ਦੀ ਜਾਇਦਾਦ ਅਤੇ ਦੱਖਣ: ਸੜਕ। | 23.02.2026<br>16.03.2026 | 62,00,043.27 ਰੁਪਏ (ਬਾਹਠ ਲੱਖ ਤੁਤਾਲੀ ਰੁਪਏ ਅਤੇ ਸਤਾਈ ਪੈਸੇ ਕੇਵਲ) 28-02-2026 ਨੂੰ ਹੋਰ ਵਿਆਜ ਅਤੇ ਇਤਫਾਕੀਆ ਖਰਚਿਆਂ, ਲਾਗਤਾਂ ਸਮੇਤ |

ਮਿਤੀ : 16.03.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## SBI ਸਟੇਟ ਬੈਂਕ ਆਫ ਇੰਡੀਆ

ਮੁੱਲਾਂਪੁਰ (50738) ਮੁੱਲਾਂਪੁਰ ਦਾਖਾ, ਲੁਧਿਆਣਾ, ਪੰਜਾਬ Email: sbi.50738@sbi.co.in

ਸੋਨੇ ਦੀ ਨਿਲਾਮੀ

ਹੇਠਾਂ ਦੱਸੇ ਗਏ ਵਿਅਕਤੀ ਨੇ ਸਾਡੀ ਸ਼ਾਖਾ ਤੋਂ ਸੋਨੇ ਦੇ ਗਹਿਣੇ ਗਿਰਵੀ ਰੱਖ ਕੇ ਗੋਲਡ ਲੋਨ ਲਿਆ ਸੀ, ਪਰ ਉਹ ਸਮਾਂ-ਸਾਰਣੀ ਅਨੁਸਾਰ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ। ਉਨ੍ਹਾਂ/ਉਨ੍ਹਾਂ ਦੇ ਕਾਨੂੰਨੀ ਵਾਰਸਾਂ ਨੇ ਨੋਟਿਸ(ਾਂ) ਦਾ ਸਹੀ ਢੰਗ ਨਾਲ ਜਵਾਬ ਨਹੀਂ ਦਿੱਤਾ ਹੈ ਜਾਂ ਨੋਟਿਸ(ਾਂ) ਬਿਨ੍ਹਾਂ ਡਿਲੀਵਰ ਕੀਤੇ ਵਾਪਸ ਆ ਗਏ ਹਨ। ਇਨ੍ਹਾਂ ਹਾਲਾਤਾਂ ਵਿੱਚ, ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸੋਨੇ ਦੇ ਕਰਜ਼ੇ(ਆਂ) ਪਿਛਲੇ ਦਿਨ, ਨਿਲਾਮੀ ਵਾਲੇ ਦਿਨ, ਸ਼ਾਮ 4:30 ਵਜੇ ਤੋਂ ਪਹਿਲਾਂ ਖਤਮ ਨਹੀਂ ਕੀਤੇ ਜਾਂਦੇ ਹਨ, ਤਾਂ ਗਿਰਵੀ ਰੱਖੇ ਗਏ ਗਹਿਣੇ(ਆਂ) ਨੂੰ ਬਿਨ੍ਹਾਂ ਕਿਸੇ ਹੋਰ ਨੋਟਿਸ ਦੇ ਸ਼ਾਖਾ ਦੇ ਅਹਾਤੇ ਵਿੱਚ ਜਨਤਕ ਤੌਰ 'ਤੇ ਨਿਲਾਮ ਕੀਤਾ ਜਾਵੇਗਾ। ਇਸ ਸਬੰਧ ਵਿੱਚ ਹੋਣ ਵਾਲੇ ਸਾਰੇ ਖਰਚੇ ਕਰਜ਼ਦਾਰ(ਾਂ) ਦੁਆਰਾ ਸਹਿਣ ਕੀਤੇ ਜਾਣਗੇ। ਬੈਂਕ ਕਿਸੇ ਵੀ ਸਮੇਂ ਨਿਲਾਮੀ ਨੂੰ ਮੁਲਤਵੀ/ਵਾਪਸ ਲੈਣ ਅਤੇ ਨਿਲਾਮੀ ਨੂੰ ਵਿਚਕਾਰੋਂ ਰੋਕਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਸਫਲ ਬੋਲੀਕਾਰ ਪੂਰੀ ਰਕਮ ਦਾ ਭੁਗਤਾਨ ਕਰਨਗੇ ਅਤੇ ਗਹਿਣਿਆਂ ਦਾ ਕਬਜ਼ਾ ਪ੍ਰਾਪਤ ਕਰਨਗੇ ਜਾਂ ਬੋਲੀ ਦੀ ਰਕਮ ਦਾ ਘੱਟੋ-ਘੱਟ 25% ਜਮ੍ਹਾ ਕਰਵਾਉਣਾ ਚਾਹੀਦਾ ਹੈ।

| ਲ. ਨੰ. | ਗ੍ਰਾਹਕ ਦਾ ਨਾਮ | ਨਿਲਾਮੀ ਦੀ ਮਿਤੀ | ਨਿਲਾਮੀ ਦਾ ਪ੍ਰਸਤਾਵਿਤ ਸਮਾਂ |
|---|---|---|---|
| 1. | ਸ਼੍ਰੀਮਤੀ ਮੀਨਾ ਜੋਸ਼ੀ ਮਾਰਫਤ: ਅਮਰਜੀਤ ਜੋਸ਼ੀ, ਮੰਡੀ ਮੁੱਲਾਂਪੁਰ, ਲਿੰਕ ਰੋਡ ਮੁੱਲਾਂਪੁਰ ਲੁਧਿਆਣਾ, ਪੰਜਾਬ 141101, ਮੋਬਾਈਲ ਨੰਬਰ: 9653780104, ਕਰਜ਼ਾ ਰਕਮ 1: ਰੁ.68,500, ਕਰਜ਼ਾ ਰਕਮ 2: 94,200 | 27th March 2026 | 11 AM-12 Noon |

ਮਿਤੀ : 25.03.2026 ਸਥਾਨ : ਐਸਬੀਆਈ-ਮੁੱਲਾਂਪੁਰ ਦਾਖਾ

# ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਮੇਰਾ ਮੁੱਖ ਮਕਸਦ : ਸਾਬਕਾ ਡੀਆਈਜੀ ਰਾਣਾ

ਕੀਰਤਪੁਰ ਸਾਹਿਬ, 25 ਮਾਰਚ (ਬੀ ਐਸ ਰਾਣਾ) : ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ-ਵੱਖ ਪਿੰਡਾਂ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਮੇਰਾ ਮੁੱਖ ਮਕਸਦ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਡੀਆਈਜੀ ਦਲਜੀਤ ਸਿੰਘ ਰਾਣਾ ਨੇ ਕੀਤਾ, ਉਹਨਾਂ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲੈ ਜਾਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇਕਰ ਨੌਜਵਾਨ ਖੇਡਾਂ ਨਾਲ ਜੁੜਦੇ ਹਨ ਤਾਂ ਉਹ ਨਾ ਸਿਰਫ਼ ਤੰਦਰੁਸਤ ਰਹਿੰਦੇ ਹਨ, ਸਗੋਂ ਸਮਾਜ ਵਿੱਚੋਂ ਨਸ਼ਿਆਂ ਵਰਗੀਆਂ ਬੁਰਾਈਆਂ ਨੂੰ ਵੀ ਘਟਾਇਆ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿੰਡ ਪੱਧਰ 'ਤੇ ਖੇਡ ਮੈਦਾਨਾਂ ਦੀ ਕਮੀ ਅਤੇ ਸਹੂਲਤਾਂ ਦੀ ਘਾਟ ਕਾਰਨ ਬਹੁਤ ਸਾਰੇ ਨੌਜਵਾਨ ਖੇਡਾਂ ਤੋਂ ਦੂਰ ਹੋ ਰਹੇ ਹਨ। ਇਸ ਲਈ ਲੋੜ ਹੈ ਕਿ ਹਰ ਪਿੰਡ ਵਿੱਚ ਖੇਡ ਮੈਦਾਨ ਵਿਕਸਿਤ ਕੀਤੇ ਜਾਣ ਅਤੇ ਨੌਜਵਾਨਾਂ ਨੂੰ ਖੇਡ ਸਮੱਗਰੀ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਖੇਡਾਂ ਦੇ ਨਾਲ ਨਾਲ ਨੌਜਵਾਨਾਂ ਨੂੰ ਸਹੀ ਮਾਰਗਦਰਸ਼ਨ ਦੇਣ ਲਈ ਕੋਚਿੰਗ ਅਤੇ ਟ੍ਰੇਨਿੰਗ ਦੀ ਵੀ ਵਧੀਆ ਵਿਵਸਥਾ ਹੋਣੀ ਚਾਹੀਦੀ ਹੈ। ਦਲਜੀਤ ਸਿੰਘ ਰਾਣਾ ਨੇ ਦੱਸਿਆ ਕਿ ਉਹ ਆਪਣੇ ਇਸ ਹਲਕੇ ਦੇ ਨੌਜਵਾਨਾਂ ਲਈ ਵੱਖ-ਵੱਖ ਤਰ੍ਹਾਂ ਦਾ ਖੇਡਾਂ ਨਾਲ ਸੰਬੰਧਿਤ ਸਮਾਨ ਦੇਣ ਦੀ ਯੋਜਨਾ ਬਣਾ ਰਹੇ ਹਨ ਅਤੇ ਜਿਨਾਂ ਪਿੰਡਾਂ ਵਿੱਚ ਗਰਾਊਂਡ ਨਹੀਂ ਹੈ ਪਰ ਪਿੰਡ ਕੋਲ ਸਾਂਝੀ ਜ਼ਮੀਨ ਹੈ ਉਹ ਉਸ ਸਾਂਝੀ ਜ਼ਮੀਨ ਵਿੱਚ ਗਰਾਊਂਡ ਬਣਾਉਣ ਲਈ ਪਿੰਡ ਵਾਸੀਆਂ ਦਾ ਸਹਿਯੋਗ ਦੇਣ ਲਈ ਵੀ ਤਿਆਰ ਹਨ, ਉਨ੍ਹਾਂ ਕਿਹਾ ਕਿ ਖੇਡਾਂ ਰਾਹੀਂ ਹੀ ਨੌਜਵਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣਾ ਅਤੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਮਾਜ ਦੇ ਹਰ ਵਰਗ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇ ਤਾਂ ਅਸੀਂ ਇੱਕ ਸਿਹਤਮੰਦ ਅਤੇ ਨਸ਼ਾ ਮੁਕਤ ਸਮਾਜ ਦੀ ਨੀਂਹ ਰੱਖ ਸਕਦੇ ਹਾਂ। ਉਹਨਾਂ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ-ਵੱਖ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨ ਲਈ ਆਪਣੇ ਪਿੰਡਾਂ ਵਿੱਚ ਖੇਡਾਂ ਕਰਵਾਉਣ ਅਤੇ ਸਹਿਯੋਗ ਲਈ ਉਹ ਸਿੱਧੇ ਤੌਰ 'ਤੇ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ



# ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਵਸ ਜੋਸ਼ ਤੇ ਜਜ਼ਬੇ ਨਾਲ ਮਨਾਇਆ

## ਸੌਂਦ ਵੱਲੋਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਲਈ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪੂਰਨਿਆਂ ਨੂੰ ਅੱਗੇ ਤੋਰਨ ਦੀ ਅਪੀਲ

ਚੰਡੀਗੜ੍ਹ, 25 ਮਾਰਚ (ਚ.ਨ.ਸ.): ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਅੱਜ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਪੁਰਜ਼ੋਰ ਜੋਸ਼ ਤੇ ਜਜ਼ਬੇ ਨਾਲ ਮਨਾਇਆ। ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਪੇਂਡੂ ਵਿਕਾਸ ਅਤੇ ਕਿਰਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਕੱਠ ਨੂੰ ਸੰਬੋਧਨ ਕਦਿਰਆਂ ਸ. ਸੌਂਦ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਆਦਰਸ਼ ਸਮਾਜ ਨੂੰ ਨਿਆਂ, ਬਰਾਬਰੀ ਅਤੇ ਜ਼ਬਰ ਵਿਰੁੱਧ ਆਢਾ ਲੈਣ ਲਈ ਪ੍ਰੇਰਿਤ ਕਰਦੇ ਰਹਿਣਗੇ। ਉਨਾਂ ਜ਼ੋਰ ਦਿੰਦਿਆਂ ਕਿਹਾ ਕਿ ਰਾਸ਼ਟਰ ਨਿਰਮਾਣ ਲਈ ਨੌਜਵਾਨਾਂ ਨੂੰ ਸ਼ਹੀਦਾਂ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਪੂਰੀ ਵਚਨਬੱਧਤਾ ਨਾਲ ਅੱਗੇ ਆਉਣਾ ਚਾਹੀਦਾ ਹੈ। ਉਨਾਂ ਨੇ ਸ਼ਹੀਦਾਂ ਦੀ ਸ਼ਾਨਾਮੱਤੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਅਤੇ ਸਮੂਹਿਕ ਪਛਾਣ ਨੂੰ ਹੋਰ ਮਜ਼ਬੂਤ ਕਰਨ ਵਿੱਚ ਸੱਭਿਆਚਾਰਕ ਮੰਚਾਂ ਦੀ ਭੂਮਿਕਾ 'ਤੇ ਵੀ ਚਾਨਣਾ ਪਾਇਆ। ਉਨਾਂ ਅੱਗੇ ਕਿਹਾ ਕਿ ਸ਼ਹੀਦਾਂ ਦਾ ਸੰਦੇਸ਼ ਨੌਜਵਾਨਾਂ ਨੂੰ ਬੇਇਨਸਾਫ਼ੀ ਖ਼ਿਲਾਫ਼ ਸਵਾਲ ਉਠਾਉਣ, ਗਿਆਨ ਹਾਸਲ ਕਰਨ ਅਤੇ ਦੇਸ਼ ਦੀ ਤਰੱਕੀ ਵਿੱਚ ਸੁਹਿਰਦਤਾ ਨਾਲ ਯੋਗਦਾਨ ਪਾਉਣ ਲਈ ਹਲੂਣਦਾ ਹੈ। ਇਸ ਦੌਰਾਨ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਸ੍ਰੀ ਬਾਲ ਮੁਕੰਦ ਸ਼ਰਮਾ ਨੇ ਕਮਿਸ਼ਨ ਦੀਆਂ ਪਹਿਲਕਦਮੀਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸਰਕਾਰ ਵੱਲੋਂ ਸੂਬੇ ਭਰ ਵਿੱਚ ਭੋਜਨ ਸੁਰੱਖਿਆ ਅਤੇ ਪੋਸ਼ਣ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੇਂਦ੍ਰਿਤ ਯਤਨ ਕੀਤੇ ਜਾ ਰਹੇ ਹਨ। ਉਨਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਸੰਤੁਲਿਤ ਖੁਰਾਕ ਅਤੇ ਟਿਕਾਊ ਅਭਿਆਸਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ 5723 ਸਕੂਲਾਂ ਵਿੱਚ ਨਿਊਟਰੀਸ਼ਨ ਗਾਰਡਨ ਸਥਾਪਤ ਕੀਤੇ ਗਏ ਹਨ। ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਉਨਾਂ ਦਾ ਜੀਵਨ ਹਿੰਮਤ, ਬੌਧਿਕ ਚੇਤਨਾ ਅਤੇ ਆਜ਼ਾਦੀ ਸੰਗਰਾਮ ਪ੍ਰਤੀ ਅਟੁੱਟ ਸਮਰਪਣ ਦਾ ਪ੍ਰਤੀਕ ਹੈ। ਉਨਾਂ ਦੀਆਂ ਲਿਖਤਾਂ ਅਤੇ ਵਡੇਰੇ ਕਾਰਜ ਨੌਜਵਾਨਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਦੀ ਤਰਜਮਾਨੀ ਕਰਦੇ ਰਹਿਣਗੇ ਤਾਂ ਜੋ ਉਹ ਜਮਹੂਰੀ ਕਦਰਾਂ-ਕੀਮਤਾਂ ਅਤੇ ਭਾਈਚਾਰੇ ਨੂੰ ਬਰਕਰਾਰ ਰੱਖ ਸਕਣ। ਉਨਾਂ ਅੱਗੇ ਕਿਹਾ ਕਿ ਬਰਾਬਰੀ ਅਤੇ ਪ੍ਰਗਤੀਸ਼ੀਲ ਸਮਾਜ ਪ੍ਰਤੀ ਸ. ਭਗਤ ਸਿੰਘ ਦੀ ਸੋਚ ਅਜੋਕੇ ਦੌਰ ਵਿੱਚ ਵੀ ਪੂਰਨ ਰੂਪ ਵਿੱਚ ਪ੍ਰਸੰਗਿਕ ਹੈ। ਇਸ ਮੌਕੇ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ, ਵਿਜੇ ਦੱਤ ਅਤੇ ਚੇਤਨ ਪ੍ਰਕਾਸ਼ ਧਾਲੀਵਾਲ, ਸਾਬਕਾ ਮੈਂਬਰ ਪ੍ਰੀਤੀ ਚਾਵਲਾ ਅਤੇ ਇੰਦਰਾ ਗੁਪਤਾ ਅਤੇ ਮੈਂਬਰ ਸਕੱਤਰ ਕਨੂੰ ਥਿੰਦ ਸ਼ਾਮਲ ਸਨ।



# ਬੱਚੇਦਾਨੀ ਦੇ ਕੈਂਸਰ ਤੋਂ ਬਚਾਅ ਲਈ ਐਚ.ਪੀ.ਵੀ. ਵੈਕਸੀਨ ਜ਼ਰੂਰੀ : ਐਸ. ਐਮ. ਓ.



ਮੁੱਲਾਂਪੁਰ ਗਰੀਬਦਾਸ, 25 ਮਾਰਚ (ਸਰਬਜੀਤ ਸਿੰਘ) : ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਲਕਜੋਤ ਕੌਰ ਨੇ ਐਚ.ਪੀ.ਵੀ.ਟੀਕਾਕਰਨ ਲਈ ਅਪੀਲ ਕਰਦਿਆਂ ਕਿਹਾ ਕਿ 14 ਤੋਂ 15 ਸਾਲ ਤਕ ਦੀਆਂ ਕੁੜੀਆਂ ਨੂੰ ਇਹ ਟੀਕਾ ਮੁਫ਼ਤ ਲਗਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਟੀਕਾ ਉਨ੍ਹਾਂ ਕੁੜੀਆਂ ਨੂੰ ਲਗਾਇਆ ਜਾ ਰਿਹਾ ਹੈ ਜਿਨ੍ਹਾਂ ਦਾ 14ਵਾਂ ਜਨਮ ਦਿਨ ਲੰਘ ਚੁੱਕਾ ਹੈ ਅਤੇ 15ਵਾਂ ਹਾਲੇ ਆਉਣਾ ਹੈ। ਇਹ ਟੀਕਾ ਪ੍ਰਾਈਵੇਟ ਹਸਪਤਾਲਾਂ ਵਿੱਚ ਮਹਿੰਗੀ ਕੀਮਤ ਵਿਚ ਉਪਲਬਧ ਹੈ ਜਦਕਿ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਲੱਗ ਰਿਹਾ ਹੈ। ਐਸ. ਐਮ. ਓ. ਨੇ ਦੱਸਿਆ ਕਿ ਇਹ ਟੀਕਾਕਰਨ ਬੂਥਗੜ੍ਹ, ਪਲਹੇੜੀ ਅਤੇ ਖਿਜ਼ਰਾਬਾਦ ਵਿਖੇ ਸਰਕਾਰੀ ਸਿਹਤ ਕੇਂਦਰਾਂ ਵਿਚ ਹਰ ਰੋਜ਼ ਹੋ ਰਿਹਾ ਹੈ। ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਵੱਖ-ਵੱਖ ਸਰਕਾਰੀ ਤੇ ਨਿੱਜੀ ਸਕੂਲਾਂ ਦੇ ਮੁਖੀਆਂ ਨਾਲ ਵੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਸਕੂਲ ਮੁਖੀਆਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਵਿਦਿਆਰਥਣਾਂ ਨੂੰ ਟੀਕਾਕਰਨ ਲਈ ਪ੍ਰੇਰਿਤ ਕਰਨ। ਸਿਹਤ ਟੀਮਾਂ ਖ਼ੁਦ ਵੀ ਵਿਦਿਆਰਥਣਾਂ ਨੂੰ ਇਸ ਵੈਕਸੀਨ ਦੇ ਲਾਭਾਂ ਬਾਰੇ ਜਾਗਰੂਕ ਕਰ ਰਹੀਆਂ ਹਨ। ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਅਨੁਸਾਰ ਸਰਵਾਈਕਲ ਕੈਂਸਰ ਔਰਤਾਂ ਵਿੱਚ ਹੋਣ ਵਾਲਾ ਚੌਥਾ ਸਭ ਤੋਂ ਆਮ ਕੈਂਸਰ ਹੈ ਜਦਕਿ ਭਾਰਤ ਵਿੱਚ ਇਹ ਦੂਜਾ ਸਭ ਤੋਂ ਆਮ ਕੈਂਸਰ ਹੈ।ਔਰਤਾਂ ਵਿੱਚ ਬੱਚੇਦਾਨੀ ਦੇ ਹੇਠਲੇ ਹਿੱਸੇ ਵਿੱਚ ਪਾਏ ਜਾਂਦੇ ਇਸ ਗੰਭੀਰ ਕੈਂਸਰ ਦਾ ਮੁੱਖ ਕਾਰਨ ਹਿਊਮਨ ਪੈਪੀਲੋਮਾ ਵਾਇਰਸ (ਐਚ ਪੀ ਵੀ) ਹੈ, ਜਿਸ ਤੋਂ ਰੋਕਥਾਮ ਲਈ ਇਹ ਟੀਕਾ ਲਗਾਇਆ ਜਾ ਰਿਹਾ ਹੈ।

# ਕਣਕ ਦੀ ਸਰਕਾਰੀ ਖਰੀਦ ਦਾ ਵਿਧਾਇਕਾ ਨੀਨਾ ਮਿੱਤਲ ਨੇ ਲਿਆ ਜਾਇਜ਼ਾ



ਰਾਜਪੁਰਾ 25 ਮਾਰਚ (ਸੰਜੀਵ ਕੁਮਾਰ) : ਕਣਕ ਦੀ ਸਰਕਾਰੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਲਈ ਕਣਕ ਦੀ ਸੰਭਾਲ ਲਈ ਬਾਰਦਾਨਾ, ਢੋਆ-ਢੁਆਈ ਲਈ ਆਵਾਜਾਈ ਦੇ ਸਾਧਨਾਂ ਸਮੇਤ ਲੇਬਰ ਅਤੇ ਮੰਡੀਆਂ 'ਚ ਕੀਤੇ ਜਾਣ ਵਾਲੇ ਹੋਰ ਪ੍ਰਬੰਧਾਂ ਸਬੰਧੀ ਇੱਕ ਅਹਿਮ ਮੀਟਿੰਗ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਵਿਧਾਇਕ ਨੀਨਾ ਮਿੱਤਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਮੂਹ ਖਰੀਦ ਏਜੰਸੀਆਂ ਦੇ ਇੰਸਪੈਕਟਰਾਂ, ਆੜ੍ਹਤੀਆਂ, ਟਰਾਂਸਪੋਰਟ ਤੇ ਲੇਬਰ ਠੇਕੇਦਾਰਾਂ ਨਾਲ ਬੈਠਕ ਕਰਦਿਆਂ ਨੇ ਕਿਹਾ ਕਿ ਮੌਜੂਦਾ ਹਾੜ੍ਹੀ ਦੇ ਸੀਜਨ ਦੌਰਾਨ ਕਣਕ ਦੀ ਖਰੀਦ ਲਈ ਪ੍ਰਸ਼ਾਸਨ ਵੱਲੋਂ ਸੁਚੱਜੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਸਾਰੇ ਪ੍ਰਬੰਧਾਂ ਦੀ ਅਗੇਤੀ ਤਿਆਰੀ ਕਰ ਲਈ ਗਈ ਹੈ ਅਤੇ ਸਰਕਾਰ ਵੱਲੋ ਕਿਸਾਨਾਂ ਦੀ ਜਿਣਸ ਦਾ ਦਾਣਾ-ਦਾਣਾ ਸਮੇਂ ਸਿਰ ਖਰੀਦਿਆ ਜਾਵੇਗਾ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਤੇ ਖਰੀਦ ਏਜੰਸੀਆਂ ਦੇ ਇੰਸਪੈਕਟਰਾਂ ਨੂੰ ਹਦਾਇਤ ਕੀਤੀ ਕਿ ਪ੍ਰਬੰਧਾਂ 'ਚ ਕਿਸੇ ਵੀ ਕਿਸਮ ਦੀ ਕੋਈ ਢਿੱਲਮੱਠ ਨਹੀਂ ਹੋਣੀ ਚਾਹੀਦੀ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਣਕ ਦੇ ਖਰੀਦ ਪ੍ਰਬੰਧਾਂ ਦੀ ਸਮੁੱਚੀ ਦੇਖ-ਰੇਖ ਖ਼ੁਦ ਕਰ ਰਹੇ ਹਨ। ਇਸ ਮੌਕੇ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ ਨੇ ਕਿਹਾ ਕਿ ਆੜ੍ਹਤੀ ਅਤੇ ਕਿਸਾਨ ਦਾ ਨਹੁੰ ਮਾਸ ਦਾ ਰਿਸ਼ਤਾ ਹੈ ਖੇਤੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਅਤੇ ਫ਼ਸਲ ਦੀ ਖਰੀਦ ਦੀ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦੇਣਾ ਸਾਡੀ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਮੰਡੀ ਵਿੱਚ ਸੁੱਕੀ ਕਣਕ ਲੈ ਕੇ ਆਉਣ।

ਇਸ ਮੌਕੇ ਏ ਐਫ ਓ ਵਰਿੰਦਰ ਕੁਮਾਰ, ਸੈਕਟਰੀ ਮਾਰਕੀਟ ਕਮੇਟੀ ਜਸਵਿੰਦਰ ਸਿੰਘ, ਮਾਰਕਫੈੱਡ ਇੰਸਪੈਕਟਰ ਲਖਬੀਰ ਸਿੰਘ, ਲਲਿਤ ਡਾਹਰਾ, ਜਤਿੰਦਰ ਨਾਟੀ, ਹਰੀਸ਼ ਨਰੂਲਾ, ਵਿਜੈ ਕਕੜ, ਰਵੀ ਅਹੂਜਾ, ਸੰਜੀਵ ਗੋਇਲ, ਮਨੀਸ਼ ਜਿੰਦਲ ਸਮੇਤ ਅਧਿਕਾਰੀ ਅਤੇ ਆੜ੍ਹਤੀ ਮੌਜੂਦ ਸਨ।

# ਹਰੀਜਨ ਸੁਸਾਇਟੀ ਦੀ ਜ਼ਮੀਨ ਨਾਲ ਅਦਾਲਤੀ ਫੈਸਲੇ ਤੱਕ ਛੇੜਛਾੜ ਜਾਂ ਉਸਾਰੀ ਨਾ ਕੀਤੇ ਜਾਣ ਦੀ ਮੰਗ

ਲਾਲੜੂ, 25 ਮਾਰਚ (ਮਨਦੀਪ ਵਰਮਾ/ਯੋਗੇਸ਼ ਰਾਣਾ) : ਦੀ ਹਰੀਜਨ ਲੈਂਡ ਐਗਰੀਕਲਚਰ ਕੋਆਪਰੇਟਿਵ ਸੁਸਾਇਟੀ ਬੱਲੋਪੁਰ ਦੇ ਅਹੁਦੇਦਾਰ ਅਤੇ ਮੈਂਬਰਾਂ ਨੇ ਪੰਜਾਬ ਸਰਕਾਰ ਤੋਂ ਇਕ ਲਿਖਤੀ ਪੱਤਰ ਰਾਹੀਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸੁਸਾਇਟੀ ਦੀ 169 ਬਿੱਗੇ , 11 ਬਿਸਵੇ ਜਮੀਨ , ਜੋ ਪਿੰਡ ਬਸੌਲੀ ਦੇ ਰਕਬੇ ਦੇ ਵਿੱਚ ਪੈਂਦੀ ਹੈ, ਦਾ ਝਗੜਾ ਪਿਛਲੇ ਕਾਫੀ ਸਾਲਾਂ ਤੋਂ ਮਾਨਯੋਗ ਜ਼ਿਲ੍ਹਾ ਅਦਾਲਤ ਵਿੱਚ ਚੱਲ ਰਿਹਾ ਹੈ, ਅਦਾਲਤ ਵਿੱਚ ਚੱਲ ਰਹੇ ਕੇਸ ਦੇ ਫੈਸਲੇ ਤੱਕ ਉਕਤ ਜਮੀਨ ਨਾਲ ਕਿਸੇ ਵੀ ਬਿਲਡਰ ਜਾਂ ਪ੍ਰਾਪਰਟੀ ਡੀਲਰ ਵੱਲੋਂ ਛੇੜ ਛਾੜ ਨਾ ਕੀਤੀ ਜਾਵੇ, ਦੀ ਪੁਰਜ਼ੋਰ ਮੰਗ ਕੀਤੀ ਹੈ। ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ, ਕਰਮ ਸਿੰਘ, ਕ੍ਰਿਸ਼ਨ ਸਿੰਘ, ਗਿਆਨ ਸਿੰਘ, ਰਾਮ ਸਿੰਘ, ਸੁਖਬੀਰ ਸਿੰਘ, ਸੁਰਿੰਦਰ ਸਿੰਘ, ਜੋਗਿੰਦਰ ਸਿੰਘ ,ਅਮਰੀਕ ਸਿੰਘ, ਜਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਦੀ ਉਕਤ ਜ਼ਮੀਨ ਜੋ ਪਿੰਡ ਬਸੌਲੀ ਦੇ ਰਕਬੇ ਦੇ ਵਿੱਚ ਸਥਿਤ ਹੈ ਅਤੇ ਇਸ ਦਾ ਇੱਕ ਮਾਮਲਾ ਜ਼ਿਲ੍ਹਾ ਅਦਾਲਤ ਵਿੱਚ ਵਿਚਾਰ ਅਧੀਨ ਹੈ, ਇਸੇ ਦੌਰਾਨ ਇੱਕ ਇੰਡਸਟਰੀਅਲ ਪਾਰਕ ਵੱਲੋਂ ਉਕਤ ਜ਼ਮੀਨ 'ਤੇ ਕਥਿਤ ਤੌਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਆਪਣਾ ਇੱਟਾਂ ਤੇ ਹੋਰ ਸਮਗਰੀ ਉਥੇ ਸੁੱਟ ਦਿੱਤੀ ਹੈ ਅਤੇ ਜਮੀਨ ਦੀ ਚਾਰ ਦੀਵਾਰੀ ਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੁਸਾਇਟੀ ਮੈਂਬਰਾਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਉਕਤ ਜ਼ਮੀਨ ਨਾਲ ਅਦਾਲਤੀ ਫੈਸਲੇ ਤੱਕ ਕੋਈ ਛੇੜ ਛਾੜ ਜਾਂ ਚਾਰਦੀਵਾਰੀ ਅਤੇ ਹੋਰ ਉਸਾਰੀ ਰੋਕੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀ ਜ਼ਮੀਨ ਨਾਲ ਕਿਸੇ ਨੇ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੁਸਾਇਟੀ ਦੇ ਮੈਂਬਰ ਮਜਬੂਰੀਵਸ ਕਿਸਾਨ ਜਥੇਬੰਦੀਆਂ ਅਤੇ ਹੋਰ ਹਰੀਜਨ ਸੁਸਾਇਟੀਆਂ ਤੇ ਰਾਜਨੀਤਿਕ ਪਾਰਟੀਆਂ ਦੀ ਮਦਦ ਨਾਲ ਪੱਕੇ ਤੌਰ 'ਤੇ ਸੰਘਰਸ਼ ਕਰਨ ਲਈ ਮਜਬੂਰ ਹੋ ਜਾਣਗੇ। ਐਸਡੀਐਮ ਡੇਰਾਬਸੀ ਅਮਿਤ ਗੁਪਤਾ ਨਾਲ ਸੰਪਰਕ ਤੇ ਉਨ੍ਹਾਂ ਕਿਹਾ ਕਿ ਜੇਕਰ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ ਤਾਂ ਫੈਸਲੇ ਤੱਕ ਕਿਸੇ ਨੂੰ ਵੀ ਜ਼ਮੀਨ ਨਾਲ ਕੋਈ ਛੇੜਛਾੜ ਜਾਂ ਕੋਈ ਹੋਰ ਕਾਰਵਾਈ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



# ਐਡਵੋਕੇਟ ਹਰਸ਼ਵਿੰਦਰ ਸਿੰਘ ਚੀਮਾ ਦੀ ਕੈਨੇਡਾ ਵਿੱਚ ਮੌਤ

ਫ਼ਤਹਿਗੜ੍ਹ ਸਾਹਿਬ, 25 ਮਾਰਚ (ਚ.ਨ.ਸ.): ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਗੁਣੀਆਂ ਮਾਜਰਾ ਦੇ ਵਸਨੀਕ ਐਡਵੋਕੇਟ ਹਰਸ਼ਿਵੰਦਰ ਸਿੰਘ ਚੀਮਾ ਦੀ 23 ਮਾਰਚ ਨੂੰ ਕੈਨੇਡਾ ਦੇ ਯੈਲੋਨਾਈਫ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਉਹ ਅਤੇ ਉਨ੍ਹਾਂ ਦੇ ਬਹੁਤੇ ਪਰਿਵਾਰਕ ਮੈਂਬਰ ਕੈਨੇਡਾ ਵਿੱਚ ਰਹਿੰਦੇ ਹਨ। ਐਡਵੋਕੇਟ ਚੀਮਾ ਕਰੀਬ 3 ਸਾਲ ਪਹਿਲਾਂ ਵਰਕ ਪਰਮਿਟ 'ਤੇ ਉਥੇ ਗਿਆ ਸੀ। ਉਨ੍ਹਾਂ ਦੇ ਪਰਿਵਾਰ ਵਿੱਚ 12 ਅਤੇ 8 ਸਾਲ ਉਮਰ ਦੀਆਂ ਦੋ ਧੀਆਂ ਹਨ। ਐਡਵੋਕੇਟ ਹਰਸ਼ਿਵੰਦਰ ਸਿੰਘ ਚੀਮਾ ਦੀ ਮੌਤ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਇਸ ਸਬੰਧੀ ਵਕੀਲ ਭਾਈਚਾਰੇ ਨੇ ਵੀ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ। ਪਿੰਡ ਗੁਣੀਆਂ ਮਾਜਰਾ ਵਿੱਚ ਉਨ੍ਹਾਂ ਦੇ ਸਕੇ ਸਬੰਧੀਆਂ ਕੋਲ ਦੁੱਖ ਪ੍ਰਗਟਾ ਰਹੇ ਹਨ।



# ਸ਼ੀਤਲਾ ਮਾਤਾ ਮੰਦਰ ਵਿਖੇ ਇੰਟਰਲਾਕ ਟਾਇਲਾਂ ਦਾ ਕੰਮ ਸ਼ੁਰੂ ਕਰਵਾਇਆ



ਮੰਡੀ ਗੋਬਿੰਦਗੜ੍ਹ, 25 ਮਾਰਚ (ਰੂਪਲ ਸੂਦ): ਨਗਰ ਕੌਂਸਲ ਸਰਹਿੰਦ ਦੇ ਵਾਰਡ ਨੰਬਰ 3 ਦੀ ਕੌਂਸਲਰ ਦਵਿੰਦਰ ਕੌਰ ਤੇ ਆਪ ਆਗੂ ਐਡਵੋਕੇਟ ਕੰਵਰਵੀਰ ਸਿੰਘ ਰਾਏ ਵੱਲੋਂ ਸਾਂਝੇ ਤੌਰ 'ਤੇ ਸ਼ੀਤਲਾ ਮਾਤਾ ਮੰਦਰ ਸਰਹਿੰਦ ਸ਼ਹਿਰ ਵਿਖੇ ਇੰਟਰਲਾਕ ਟਾਇਲਾਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਜਿਸ ਦਾ ਉਦਘਾਟਨ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਐਡਵੋਕੇਟ ਕੰਵਰਵੀਰ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਦੇ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਿੰਡਾਂ ਨਾਲ ਜੁੜੀਆਂ ਸੜਕਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਉਥੇ ਸ਼ਹਿਰਾਂ ਦੀਆਂ ਗਲੀਆਂ ਦੇ ਵਿੱਚ ਇੰਟਰਲਾਕ ਟਾਇਲਾਂ ਲਗਾ ਕੇ ਉਸਦਾ ਵੀ ਸੁੰਦਰੀਕਰਨ ਕੀਤਾ ਜਾ ਰਿਹਾ ਹੈ। ਇਸੇ ਤਹਿਤ ਸ਼ੀਤਲਾ ਮਾਤਾ ਮੰਦਰ ਵਿਖੇ ਇੰਟਰਲਾਕ ਟਾਇਲਾਂ ਦਾ ਕੰਮ ਸ਼ੁਰੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਤੇ ਵਿਕਾਸ ਕਾਰਜ ਨਿਰੰਤਰ ਜਾਰੀ ਰਹਿਣਗੇ। ਇਸ ਮੌਕੇ ਪ੍ਰਿਤਪਾਲ ਸਿੰਘ ਜੱਸੀ, ਦੀਪਕ ਬਾਤਿਸ਼, ਤਰਸੇਮ ਉਪਲ, ਰਾਜੇਸ਼ ਉਪਲ, ਏਐਸਆਈ ਬਲਜਿੰਦਰ ਸਿੰਘ, ਰਾਜਨ ਗੁਪਤਾ, ਜਸਵੀਰ ਬੰਟੀ ਤੇ ਬਹਾਦਰ ਜਲਾਲ ਹਾਜ਼ਰ ਸਨ।

# ਟਰੰਪ ਦੇ ਦਾਅਵੇ ਤੋਂ ਬਾਅਦ ਈਰਾਨ ਦੇ ਦੋ ਗੈਸ ਟਿਕਾਣਿਆਂ 'ਤੇ ਹਮਲਾ

## ☛ ਜਵਾਬ 'ਚ ਈਰਾਨ ਨੇ ਤੇਲ ਅਵੀਵ 'ਚ ਸੁੱਟੀ 100 ਕਿੱਲੋ ਧਮਾਕਾਖੇਜ਼ ਸਮੱਗਰੀ

ਨਵੀਂ ਦਿੱਲੀ, 25 ਮਾਰਚ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਈਰਾਨ ਨਾਲ ਗੱਲਬਾਤ ਦੇ ਦਾਅਵਿਆਂ ਦੇ ਉਲਟ, ਪੱਛਮੀ ਏਸ਼ੀਆਈ ਟਕਰਾਅ ਬੀਤੇ ਦਿਨ ਪੂਰੀ ਤਾਕਤ ਨਾਲ ਜਾਰੀ ਰਿਹਾ। ਇਜ਼ਰਾਈਲ ਨੇ ਰਾਤੋ-ਰਾਤ 50 ਤੋਂ ਵੱਧ ਈਰਾਨੀ ਫੌਜੀ ਟਿਕਾਣਿਆਂ ਤੇ ਉਤਪਾਦਨ ਸਹੂਲਤਾਂ 'ਤੇ ਬੰਬਾਰੀ ਕੀਤੀ। ਲੇਬਨਾਨ ਵਿੱਚ ਰਾਜਧਾਨੀ ਬੇਰੂਤ ਦੇ ਦੱਖਣ ਵਿੱਚ ਵੀ ਤੇਜ਼ ਹਮਲੇ ਹੋਏ। ਇਸ ਦੌਰਾਨ ਟਰੰਪ ਦੇ ਪੰਜ ਦਿਨਾਂ ਦੇ ਜੰਗਬੰਦੀ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ, ਜਿਸ ਵਿੱਚ ਦੋ ਈਰਾਨੀ ਪਾਵਰ ਸਟੇਸ਼ਨਾਂ 'ਤੇ ਹਮਲਾ ਕੀਤਾ ਗਿਆ। ਈਰਾਨ ਨੇ ਇਜ਼ਰਾਈਲ ਸਮੇਤ ਪੱਛਮੀ ਏਸ਼ੀਆ ਦੇ ਟੀਚਿਆਂ 'ਤੇ ਮਿਜ਼ਾਈਲਾਂ ਤੇ ਡਰੋਨਾਂ ਦੀ ਇੱਕ ਬਾਰਿਸ਼ ਨਾਲ ਜਵਾਬ ਦਿੱਤਾ। ਇੱਕ ਈਰਾਨੀ ਮਿਜ਼ਾਈਲ, ਜਿਸ ਵਿੱਚ 100 ਕਿਲੋਗ੍ਰਾਮ ਵਿਸਫੋਟਕ ਸੀ, ਤੇਲ ਅਵੀਵ ਦੇ ਕੇਂਦਰੀ ਸ਼ਹਿਰ 'ਤੇ ਡਿੱਗੀ। ਇਸ ਦੌਰਾਨ ਇਰਾਕੀ ਕੁਰਦਿਸਤਾਨ ਵਿੱਚ ਛੇ ਮਿਜ਼ਾਈਲ ਹਮਲੇ ਹੋਏ, ਜਿਸ ਵਿੱਚ ਛੇ ਕੁਰਦ ਲੜਾਕੇ ਮਾਰੇ ਗਏ ਤੇ 30 ਜ਼ਖਮੀ ਹੋ ਗਏ। ਟਰੰਪ ਦੀ ਈਰਾਨ ਨਾਲ ਗੱਲਬਾਤ ਦੀ ਪਹਿਲਕਦਮੀ ਤੋਂ ਬਾਅਦ ਪਾਕਿਸਤਾਨ ਨੇ ਈਰਾਨ ਨੂੰ ਗੱਲਬਾਤ ਲਈ ਸੱਦਾ ਦਿੱਤਾ ਹੈ, ਜਦੋਂ ਕਿ ਈਰਾਨ ਨੇ ਪੂਰੀ ਜਿੱਤ ਪ੍ਰਾਪਤ ਕਰਨ ਤੱਕ ਗੱਲਬਾਤ ਕਰਨ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ ਹੈ। ਈਰਾਨ ਦੇ ਜ਼ਿੱਦੀ ਰੁਖ਼ ਕਾਰਨ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਤੇਲ ਦੀਆਂ ਕੀਮਤਾਂ ਫਿਰ ਤੋਂ ਵਧੀਆਂ, ਜੋ 1.8 ਪ੍ਰਤੀਸ਼ਤ ਵਧ ਕੇ £101.77 ਹੋ ਗਈਆਂ।ਐਸੋਸੀਏਟਿਡ ਪ੍ਰੈਸ ਦੇ ਅਨੁਸਾਰ ਈਰਾਨੀ ਮੀਡੀਆ ਫੋਰਸ ਨਿਊਜ਼ ਏਜੰਸੀ ਨੇ ਰਿਪੋਰਟ ਦਿੱਤੀ ਕਿ ਬੀਤੇ ਦਿਨ ਹੋਏ ਹਮਲਿਆਂ ਵਿੱਚ ਕੁਦਰਤੀ ਗੈਸ ਬੁਨਿਆਦੀ ਢਾਂਚੇ ਤੇ ਇਸਫਹਾਨ ਸੂਬੇ ਵਿੱਚ ਖੋਰਮਸ਼ਹਿਰ ਪਾਵਰ ਪਲਾਂਟ ਨੂੰ ਜਾਣ ਵਾਲੀ ਗੈਸ ਪਾਈਪਲਾਈਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਨਾ ਤਾਂ ਇਜ਼ਰਾਈਲ ਤੇ ਨਾ ਹੀ ਅਮਰੀਕਾ ਨੇ ਹਮਲਿਆਂ ਦੀ ਜ਼ਿੰਮੇਵਾਰੀ ਲਈ। ਨਿਊਯਾਰਕ ਟਾਈਮਜ਼ ਦੇ ਅਨੁਸਾਰ ਈਰਾਨ ਵੱਲੋਂ ਮਿਜ਼ਾਈਲ ਹਮਲਿਆਂ ਦੀ ਤੀਬਰਤਾ ਵੱਧ ਰਹੀ ਹੈ, ਜੋ ਕਿ ਅਮਰੀਕਾ ਤੇ ਇਜ਼ਰਾਈਲੀ ਅਧਿਕਾਰੀਆਂ ਦੇ ਦਾਅਵਿਆਂ ਦੇ ਉਲਟ ਹੈ ਕਿ ਈਰਾਨ ਨੇ ਆਪਣੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਨੂੰ ਤਬਾਹ ਕਰ ਦਿੱਤਾ ਹੈ।



# ਪੱਛਮੀ ਏਸ਼ੀਆ 'ਚ ਬੱਚੇ ਚੁਕਾ ਰਹੇ ਨੇ ਜੰਗ ਦੀ ਕੀਮਤ

## ☛ 2100 ਤੋਂ ਜ਼ਿਆਦਾ ਬੱਚੇ ਮਾਰੇ ਗਏ ਜਾਂ ਜ਼ਖ਼ਮੀ ਹੋਏ

ਸੰਯੁਕਤ ਰਾਸ਼ਟਰ, 25 ਮਾਰਚ (ਚ.ਨ.ਸ): ਪੱਛਮੀ ਏਸ਼ੀਆ 'ਚ ਜਾਰੀ ਫ਼ੌਜੀ ਸੰਘਰਸ਼ ਦਾ ਸਭ ਤੋਂ ਭਿਆਨਕ ਅਸਰ ਮਾਸੂਮ ਬੱਚਿਆਂ 'ਤੇ ਪੈ ਰਿਹਾ ਹੈ। ਯੂਨੀਸੈਫ ਦੇ ਉਪ-ਕਾਰਜਕਾਰੀ ਡਾਇਰੈਕਟਰ ਟੈਡ ਚੈਬਨ ਨੇ ਕਿਹਾ ਹੈ ਕਿ ਜੰਗ ਦੇ ਵਧਣ ਮਗਰੋਂ ਹੁਣ ਤੱਕ 2,100 ਤੋਂ ਜ਼ਿਆਦਾ ਬੱਚੇ ਮਾਰੇ ਗਏ ਹਨ ਜਾਂ ਜ਼ਖਮੀ ਹੋਏ ਹਨ। ਸਥਿਤੀ ਦੀ ਗੰਭੀਰਤਾ ਸਪੱਸ਼ਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਜੰਗ ਦੇ ਇਨ੍ਹਾਂ 23 ਦਿਨਾਂ 'ਚ ਖੇਤਰ ਦੇ ਬੱਚੇ ਤਬਾਹਕੁੰਨ ਕੀਮਤ ਚੁਕਾ ਰਹੇ ਹਨ। ਜੇਕਰ ਇਹ ਜੰਗ ਹੋਰ ਲੰਬੀ ਖਿੱਚੀ ਜਾਂ ਵਿਆਪਕ ਹੋਈ ਤਾਂ ਇਹ ਲੱਖਾਂ ਲੋਕਾਂ ਲਈ ਤਬਾਹਕੁੰਨ ਹੋਵੇਗਾ। ਅੰਕੜਿਆਂ ਮੁਤਾਬਿਕ ਜ਼ਖਮੀਆਂ ਜਾਂ ਮ੍ਰਿਤਕਾਂ 'ਚ ਈਰਾਨ ਦੇ 206, ਲਿਬਨਾਨ ਦੇ 118, ਇਜ਼ਰਾਈਲ ਦੇ ਚਾਰ ਤੇ ਕੁਵੈਤ ਦਾ ਇੱਕ ਬੱਚਾ ਸ਼ਾਮਲ ਹੈ। ਨਿਊਯਾਰਕ ਸਥਿਤ ਸੰਯੁਕਤ ਰਾਸ਼ਟਰ ਹੈਡਕੁਆਰਟਰ 'ਚ ਪੱਤਰਕਾਰਾਂ ਤੋਂ ਚਿੰਤਾ ਪ੍ਰਗਟਾਉਂਦੇ ਹੋਏ ਚੈਬਨ ਨੇ ਕਿਹਾ ਕਿ ਜੰਗ ਦੀ ਸ਼ੁਰੂਆਤ ਤੋਂ ਹਰ ਰੋਜ਼ ਔਸਤਨ 87 ਬੱਚੇ ਆਪਣੀ ਜਾਨ ਗੁਆ ਰਹੇ ਹਨ ਜਾਂ ਜ਼ਖਮੀ ਹੋ ਰਹੇ ਹਨ। ਉਨ੍ਹਾਂ ਰੇਖਾਂਕਿਤ ਕੀਤਾ ਕਿ ਇਸ ਸੰਘਰਸ਼ ਨੇ ਨਾ ਸਿਰਫ਼ ਜ਼ਿੰਦਗੀ ਖੋਹੀ ਹੈ, ਬਲਕਿ ਵੱਡੇ ਪੱਧਰ 'ਤੇ ਉਜਾੜਾ ਵੀ ਪੈਦਾ ਕੀਤਾ ਹੈ। ਈਰਾਨ 'ਚ ਲਗਭਗ 32 ਲੱਖ ਲੋਕ ਬੇਘਰ ਹੋਏ ਹਨ, ਜਿਨ੍ਹਾਂ 'ਚ 8.64 ਲੱਖ ਬੱਚੇ ਸ਼ਾਮਲ ਹਨ। ਉਥੇ ਲਿਬਨਾਨ 'ਚ 10 ਲੱਖ ਤੋਂ ਜ਼ਿਆਦਾ ਲੋਕ ਬੇਘਰ ਹੋ ਚੁੱਕੇ ਹਨ, ਜਿਨ੍ਹਾਂ 'ਚ ਕਰੀਬ 3.7 ਲੱਖ ਬੱਚੇ ਹਨ। **ਸਿੱਖਿਆ ਤੇ ਸਿਹਤ ਸੇਵਾਵਾਂ ਠੱਪ**: ਲਿਬਨਾਨ ਦੀ ਆਪਣੀ ਹਾਲੀਆ ਯਾਤਰਾ ਦਾ ਜ਼ਿਕਰ ਕਰਦੇ ਹੋਏ ਚੈਬਨ ਨੇ ਕਿਹਾ ਕਿ ਉਥੇ 350 ਤੋਂ ਜ਼ਿਆਦਾ ਸਰਕਾਰੀ ਸਕੂਲਾਂ ਨੂੰ ਸ਼ੈਲਟਰ ਹੋਮਾਂ 'ਚ ਬਦਲ ਦਿੱਤਾ ਗਿਆ ਹੈ, ਜਿਸ ਨਾਲ ਲਗਭਗ ਇਕ ਲੱਖ ਵਿਦਿਆਰਥੀਆਂ ਦੀ ਸਿੱਖਿਆ ਠੱਪ ਹੋਈ ਹੈ। ਉਨ੍ਹਾਂ ਕਿਹਾ ਕਿ ਜਲ ਪ੍ਰਣਾਲੀਆਂ ਨੁਕਸਾਨੀਆਂ ਗਈਆਂ ਹਨ ਤੇ ਲੋਕਾਂ ਨੂੰ ਬਚਾਉਂਦੇ ਸਮੇਂ ਸਿਹਤ ਮੁਲਾਜ਼ਮ ਮਾਰੇ ਜਾ ਰਹੇ ਹਨ। ਸਾਨੂੰ ਇਸ ਸੰਘਰਸ਼ ਨੂੰ ਰੋਕਣ ਲਈ ਤਣਾਅ ਘੱਟ ਕਰਨ ਤੇ ਇੱਕ ਸਿਆਸੀ ਰਸਤੇ ਦੀ ਜ਼ਰੂਰਤ ਹੈ। ਯੂਨੀਸੈਫ ਨੇ ਹੁਣ ਤੱਕ 1.5 ਲੱਖ ਤੋਂ ਜ਼ਿਆਦਾ ਬੇਘਰਾਂ ਤੱਕ ਸਹਾਇਤਾ ਪਹੁੰਚਾਈ ਹੈ, ਪਰ ਚਿਤਾਵਨੀ ਦਿੱਤੀ ਹੈ ਕਿ ਵੱਧਦੀਆਂ ਜ਼ਰੂਰਤਾਂ ਦੇ ਮੁਕਾਬਲੇ ਵਸੀਲੇ ਬਹੁਤ ਘੱਟ ਪੈ ਰਹੇ ਹਨ।



# ਪੁਲਿਸ ਵੱਲੋਂ 'ਸਾਂਝ ਪੋਰਟਲ' ਤੋਂ ਐਫ.ਆਈ.ਆਰ. ਦੀ ਕਾਪੀ ਡਾਊਨਲੋਡ ਕਰਨ ਲਈ 80 ਰੁਪਏ ਦੀ ਫੀਸ ਲਾਗੂ

ਜਲੰਧਰ, 25 ਮਾਰਚ (ਚ.ਨ.ਸ): ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵੱਲੋਂ ਆਮ ਜਨਤਾ ਨੂੰ ਦਿੱਤੀ ਜਾਣ ਵਾਲੀ ਇੱਕ ਅਹਿਮ ਸਹੂਲਤ ਹੁਣ ਮੁਫ਼ਤ ਨਹੀਂ ਰਹੀ। ਪੰਜਾਬ ਪੁਲਿਸ ਨੇ ਇੱਕ ਵੱਡਾ ਫੈਸਲਾ ਲੈਂਦਿਆਂ ਆਪਣੇ 'ਸਾਂਝ ਪੋਰਟਲ' ਤੋਂ ਐਫ.ਆਈ.ਆਰ. ਦੀ ਕਾਪੀ ਡਾਊਨਲੋਡ ਕਰਨ ਲਈ 80 ਰੁਪਏ ਦੀ ਫੀਸ ਲਾਗੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਡੇਲੀ ਡਾਇਰੀ ਰਿਪੋਰਟ ਡਾਊਨਲੋਡ ਕਰਨ ਲਈ ਹੁਣ 100 ਰੁਪਏ ਅਦਾ ਕਰਨੇ ਪੈਣਗੇ। ਬੀਤੇ ਦਿਨ ਤੋਂ ਲਾਗੂ ਹੋਏ ਇਸ ਫੈਸਲੇ ਨੇ ਸੂਬੇ ਦੇ ਆਮ ਲੋਕਾਂ, ਵਕੀਲਾਂ, ਸਮਾਜਿਕ ਕਾਰਕੁੰਨਾਂ ਤੇ ਸਿਆਸੀ ਪਾਰਟੀਆਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਕਦਮ ਪੁਲਿਸ ਪ੍ਰਣਾਲੀ ਵਿੱਚ ਪਾਰਦਰਸ਼ਤਾ ਨੂੰ ਖਤਮ ਕਰਨ ਦੀ ਇੱਕ ਕੋਸ਼ਿਸ਼ ਹੈ। ਵਿੱਤੀ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਵਿੱਚ ਸਾਲਾਨਾ ਲਗਭਗ 45,000 ਐਫ.ਆਈ.ਆਰ. ਦਰਜ ਹੁੰਦੀਆਂ ਹਨ। ਇੱਕ ਸਾਲ ਦੌਰਾਨ ਔਸਤਨ 2.78 ਲੱਖ ਵਾਰ ਐਫ.ਆਈ.ਆਰ. ਡਾਊਨਲੋਡ ਕੀਤੀ ਜਾਂਦੀ ਹੈ। ਜੇਕਰ ਡਾਊਨਲੋਡ ਦੀ ਇਹੀ ਗਿਣਤੀ ਬਰਕਰਾਰ ਰਹਿੰਦੀ ਹੈ ਤਾਂ ਸਰਕਾਰ ਨੂੰ ਇਸ ਮੱਦ ਰਾਹੀਂ ਸਾਲਾਨਾ ਲਗਭਗ 2.23 ਕਰੋੜ ਰੁਪਏ ਦੀ ਕਮਾਈ ਹੋਣ ਦੀ ਉਮੀਦ ਹੈ। ਹਾਲਾਂਕਿ, ਵਿਸ਼ੇਸ਼ ਡੀ.ਜੀ.ਪੀ. ਗੁਰਪ੍ਰੀਤ ਦਿਓ ਨੇ ਸਪੱਸ਼ਟ ਕੀਤਾ ਹੈ ਕਿ ਇਹ ਫੈਸਲਾ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੇਸ ਦੇ ਮੁਲਜ਼ਮ ਤੇ ਸ਼ਿਕਾਇਤਕਰਤਾ ਨੂੰ ਐਫ.ਆਈ.ਆਰ. ਦੀ ਕਾਪੀ ਮੁਫ਼ਤ ਮਿਲਦੀ ਰਹੇਗੀ, ਪਰ ਤੀਜੀ ਧਿਰ ਜਾਂ ਹੋਰ ਵਿਅਕਤੀਆਂ ਨੂੰ ਇਸ ਲਈ ਨਿਰਧਾਰਿਤ ਫੀਸ ਦੇਣੀ ਪਵੇਗੀ। ਪੁਲਿਸ ਅਧਿਕਾਰੀਆਂ ਦਾ ਤਰਕ ਹੈ ਕਿ ਸਾਂਝ ਪੋਰਟਲ ਦੇ ਸਰਵਰ 'ਤੇ ਬਹੁਤ ਜ਼ਿਆਦਾ ਟ੍ਰੈਫਿਕ ਵੱਧ ਗਿਆ ਸੀ। ਕਈ ਲੋਕ ਬਿਨਾਂ ਕਿਸੇ ਖਾਸ ਲੋੜ ਦੇ ਵਾਰ-ਵਾਰ ਐਫ.ਆਈ.ਆਰ. ਡਾਊਨਲੋਡ ਕਰ ਰਹੇ ਸਨ, ਜਿਸ ਕਾਰਨ ਸਰਵਰ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਰਹੀ ਸੀ। ਪੁਲਿਸ ਮੁਤਾਬਿਕ ਫੀਸ ਲਾਗੂ ਹੋਣ ਨਾਲ ਬੇਲੋੜੀ ਡਾਊਨਲੋਡਿੰਗ ਘਟੇਗੀ ਤੇ ਸਰਵਰ ਦੇ ਰੱਖ-ਰਖਾਅ ਦਾ ਖਰਚਾ ਨਿਕਲ ਸਕੇਗਾ।ਦੂਜੇ ਪਾਸੇ ਵਿਰੋਧੀ ਧਿਰਾਂ ਨੇ ਇਸ ਨੂੰ ਸਰਕਾਰ ਦੀ ਨਾਕਾਮੀ ਦੱਸਿਆ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਪ੍ਰੈਸ ਦੀ ਆਜ਼ਾਦੀ ਨੂੰ ਸੀਮਿਤ ਕਰਨ ਤੇ ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।




# 'ਘੱਗਰ ਦੇ ਪੱਕੇ ਹੱਲ ਲਈ ਅਕਾਲੀ ਦਲ ਵਚਨਬੱਧ' ਸਰਕਾਰ ਆਉਣ 'ਤੇ ਕਰਾਂਗੇ ਮੁਕੰਮਲ ਚੈਨਲਾਈਜ਼ੇਸ਼ਨ: ਸੁਖਬੀਰ ਸਿੰਘ ਬਾਦਲ

ਲਹਿਰਾਗਾਗਾ/ਸੰਗਰੂਰ, 25 ਮਾਰਚ (ਚ.ਨ.ਸ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲਹਿਰਾਗਾਗਾ ਹਲਕੇ ਵਿੱਚ ਇੱਕ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਮੌਜੂਦਾ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਇਲਾਕੇ ਦੇ ਲੋਕਾਂ ਲਈ ਵੱਡੀ ਮੁਸੀਬਤ ਬਣੇ ਘੱਗਰ ਦਰਿਆ ਦਾ ਪੱਕਾ ਹੱਲ ਕੀਤਾ ਜਾਵੇਗਾ। ਬਾਦਲ ਨੇ ਕਿਹਾ ਕਿ ਹਿਮਾਚਲ ਤੋਂ ਲੈ ਕੇ ਹਰਿਆਣਾ ਦੀ ਸਰਹੱਦ ਤੱਕ ਘੱਗਰ ਦਰਿਆ ਦੀ ਮੁਕੰਮਲ ਚੈਨਲਾਈਜ਼ੇਸ਼ਨ (ਕੰਢੇ ਪੱਕੇ ਕਰਨਾ) ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ ਤਾਂ ਜੋ ਹਰ ਸਾਲ ਹੜ੍ਹਾਂ ਕਾਰਨ ਹੁੰਦੀ ਫਸਲਾਂ ਤੇ ਜਾਨ-ਮਾਲ ਦੀ ਤਬਾਹੀ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਉਨ੍ਹਾਂ ਇਲਾਕੇ ਦੇ ਕਿਸਾਨਾਂ ਦੀ ਦਰਦਨਾਕ ਹਾਲਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਫਸਲਾਂ ਦੇ ਖਰਾਬੇ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਸੀ, ਪਰ ਅੱਜ ਕਿਸਾਨ ਖਾਲੀ ਹੱਥ ਬੈਠੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਸਿਰਫ ਇਸ਼ਤਿਹਾਰਾਂ ਦੀ ਸਰਕਾਰ ਹੈ ਤੇ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਹਮੇਸ਼ਾ ਗਰੀਬਾਂ ਤੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਗਈ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਇਹ ਸਿਲਸਿਲਾ ਜਾਰੀ ਰਹੇਗਾ। ਲੋਕਾਂ ਨਾਲ ਵੱਡੇ ਵਾਅਦੇ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਬਣਨ 'ਤੇ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਲਈ 10 ਲੱਖ ਰੁਪਏ ਤੱਕ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਵੱਡੇ ਵਾਧੇ ਦਾ ਐਲਾਨ ਕਰਦਿਆਂ ਕਿਹਾ ਕਿ ਬਜ਼ੁਰਗਾਂ ਦੀ ਪੈਨਸ਼ਨ ਵਧਾ ਕੇ 3100 ਰੁਪਏ ਮਹੀਨਾ ਕੀਤੀ ਜਾਵੇਗੀ ਤੇ ਸ਼ਗਨ ਸਕੀਮ ਦੀ ਰਾਸ਼ੀ ਨੂੰ 1 ਲੱਖ ਰੁਪਏ ਤੱਕ ਵਧਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ ਗਈ ਆਟਾ-ਦਾਲ ਸਕੀਮ ਨੂੰ ਮੁੜ ਸਰਗਰਮ ਕਰਕੇ ਇਸ ਵਿੱਚ ਹੋਰ ਵੀ ਜ਼ਰੂਰੀ ਵਸਤਾਂ ਸ਼ਾਮਲ ਕੀਤੀਆਂ ਜਾਣਗੀਆਂ। ਇਸ ਮੌਕੇ ਹਲਕਾ ਇੰਚਾਰਜ ਗਗਨਦੀਪ ਸਿੰਘ ਖੰਡੇਬਾਦ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।



# ਐਸਜੀਪੀਸੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ: ਛੋਟੇਪੁਰ

ਕਲਾਨੌਰ, 25 ਮਾਰਚ (ਚ.ਨ.ਸ): ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਸਰਕਾਰ ਸਿੱਖ ਕੌਮ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਵਾ ਕੇ ਜਿੱਥੇ ਸਿੱਖ ਕੌਮ ਨਾਲ ਵੱਡਾ ਧ੍ਰੋਹ ਕਮਾ ਰਹੀ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਬਾਦਲਾਂ ਦਾ ਕਬਜ਼ਾ ਹੋਣ ਕਾਰਨ ਸਿੱਖ ਕੌਮ 'ਚ ਵੱਡੀ ਗਿਰਾਵਟ ਆ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਛੋਟੇਪੁਰ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੇ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਵੱਡੀ ਸਾਜਿਸ਼ ਤਹਿਤ ਪਿਛਲੇ 15 ਸਾਲਾਂ ਤੋਂ ਵੱਧ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਵਾ ਕੇ ਬਾਦਲਾਂ ਦੀ ਛਤਰ ਛਾਇਆ ਹੇਠ ਸਿੱਖ ਕੌਮ ਨੂੰ ਕਮਜ਼ੋਰ ਕਰਨ 'ਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਿੱਥੇ ਹੇਠਲੇ ਪੱਧਰ ਤੋਂ ਸਰਪੰਚਾਂ-ਪੰਚਾਂ ਤੋਂ ਇਲਾਵਾ ਵਿਧਾਨ ਸਭਾ ਤੇ ਪਾਰਲੀਮੈਂਟ ਦੀਆਂ ਚੋਣਾਂ ਸਮੇਂ-ਸਮੇਂ 'ਤੇ ਹੁੰਦੀਆਂ ਆ ਰਹੀਆਂ ਹਨ ਪਰ ਅਫ਼ਸੋਸ ਕਿ ਸਿੱਖ ਕੌਮ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪਿਛਲੇ 15 ਸਾਲ ਤੋਂ ਵੱਧ ਸਮੇਂ ਤੋਂ ਨਹੀਂ ਕਰਵਾਈਆਂ ਗਈਆਂ, ਜਿਸ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਬਾਦਲਾਂ ਦਾ ਕਬਜ਼ਾ ਹੋਣ ਕਾਰਨ ਦਿਨੋਂ-ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਤੇ ਸਿੱਖ ਕੌਮ ਵਿੱਚ ਵੱਡੀ ਗਿਰਾਵਟ ਆਈ ਹੈ, ਜਿਸ ਕਾਰਨ ਪੰਥ ਦਰਦੀਆਂ ਵਿੱਚ ਭਾਜਪਾ ਪ੍ਰਤੀ ਨਫ਼ਰਤ ਦਿਨੋਂ-ਦਿਨ ਵੱਧਦੀ ਜਾ ਰਹੀ ਹੈ। ਇਸ ਮੌਕੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ



# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਸੱਤ ਦਿਨਾਂ ਦਾ ਐਨ.ਐਸ.ਐਸ. ਕੈਂਪ ਸਫਲਤਾ ਨਾਲ ਕਰਵਾਇਆ

ਸ੍ਰੀ ਫਤਹਿਗੜ੍ਹ ਸਾਹਿਬ, 25 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਕੰਪਿਊਟਰ ਸਾਇੰਸ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵਿੱਚ 10 ਮਾਰਚ ਤੋਂ 16 ਮਾਰਚ 2026 ਤੱਕ ਸਮਾਰਟ ਨੌਜਵਾਨ ਇੱਕ ਸੁਰੱਖਿਅਤ ਸਾਈਬਰ, ਤੰਦਰੁਸਤ ਤੇ ਹਰੇ-ਭਰੇ ਵਾਤਾਵਰਨ ਵਾਲੇ ਸਮਾਜ ਦੇ ਵਿਸ਼ੇ ਹੇਠ ਸੱਤ ਦਿਨਾਂ ਦਾ ਐਨ.ਐਸ.ਐਸ. ਵਿਸ਼ੇਸ਼ ਕੈਂਪ ਸਫਲਤਾ ਨਾਲ ਕਰਵਾਇਆ ਗਿਆ। ਇਸ ਕੈਂਪ ਵਿੱਚ ਦੋ ਇਕਾਈਆਂ ਦੇ ਲਗਭਗ 100 ਭਾਗੀਦਾਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਤੇ ਸਮਾਜ ਸੇਵਾ ਤੇ ਸਰਵਪੱਖੀ ਵਿਕਾਸ ਵੱਲ ਆਪਣੀ ਲਗਨ ਦਰਸਾਈ। ਕੈਂਪ ਦੀ ਸ਼ੁਰੂਆਤ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਦੀ ਰਹਿਨੁਮਾਈ ਤੇ ਅਗਵਾਈ ਹੇਠ ਹੋਈ। ਉਦਘਾਟਨੀ ਸਮਾਰੋਹ ਵਿੱਚ ਪ੍ਰਮੁੱਖ ਹਸਤੀਆਂ ਵਿੱਚ ਡਾ. ਨਵਦੀਪ ਕੌਰ (ਡੀਨ, ਰਿਸਰਚ), ਡਾ. ਸਿਕੰਦਰ ਸਿੰਘ (ਡੀਨ, ਵਿਦਿਆਰਥੀ ਭਲਾਈ), ਡਾ. ਹਰਨੀਤ ਬਿਲਿੰਗ (ਐਨ.ਐਸ.ਐਸ. ਕਾਰਜਕ੍ਰਮ ਸਹਿ-ਪ੍ਰਬੰਧਕ), ਤੇ ਡਾ. ਸਰਪ੍ਰੀਤ ਸਿੰਘ (ਐਨ.ਐਸ.ਐਸ. ਕਾਰਜਕ੍ਰਮ ਅਧਿਕਾਰੀ ਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ) ਸ਼ਾਮਲ ਸਨ। ਪ੍ਰਬੰਧਕ ਟੀਮ ਵਿੱਚ ਡਾ. ਕਿਰਨਪ੍ਰੀਤ ਕੌਰ, ਮਿਸ ਜਸਕੀਰਤ ਕੌਰ, ਡਾ. ਸੰਦੀਪ ਕੌਰ, ਮਿਸ ਕੋਮਲਪ੍ਰੀਤ ਕੌਰ ਤੇ ਅਰਸ਼ਦੀਪ ਸਿੰਘ ਸ਼ਾਮਲ ਸਨ। ਕੈਂਪ ਦੇ ਸਮਾਪਨ ਸਮਾਰੋਹ ਵਿੱਚ ਸਰਟੀਫਿਕੇਟ ਵੰਡ ਤੇ ਰੰਗਾਰੰਗ ਸੱਭਿਆਚਾਰਕ ਕਾਰਜਕ੍ਰਮ ਕਰਵਾਏ ਗਏ। ਇਹ ਸਮਾਗਮ ਡਾ. ਹਰਨੀਤ ਬਿਲਿੰਗ ਤੇ ਡਾ. ਸਰਪ੍ਰੀਤ ਸਿੰਘ ਦੀ ਰਹਿਨੁਮਾਈ ਹੇਠ ਸਫਲਤਾਪੂਰਵਕ ਸੰਪੰਨ ਹੋਇਆ। ਅੰਤ ਵਿੱਚ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਭਾਗੀਦਾਰਾਂ ਦੀ ਪ੍ਰਸ਼ੰਸਾ ਕੀਤੀ ਤੇ ਉਨ੍ਹਾਂ ਨੂੰ ਸਮਾਜਿਕ ਵਿਕਾਸ ਵਿੱਚ ਲਗਾਤਾਰ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ, ਜੋ ਐਨ.ਐਸ.ਐਸ. ਦੇ ਮੂਲ ਸਿਧਾਂਤ ਮੈਂ ਨਹੀਂ, ਤੂੰ ਦੀ ਅਸਲ ਭਾਵਨਾ ਨੂੰ ਦਰਸਾਉਂਦਾ ਹੈ।ਅਖੀਰ ਵਿੱਚ ਧੰਨਵਾਦ ਪ੍ਰਸਤਾਵ ਡਾ. ਸਰਪ੍ਰੀਤ ਸਿੰਘ ਵੱਲੋਂ ਪੇਸ਼ ਕੀਤਾ ਗਿਆ।





'ਚੜ੍ਹਦੀਕਲਾ ਗਰੁੱਪ' ਦੇ ਚੇਅਰਮੈਨ ਪਦਮਸ਼੍ਰੀ ਡਾਕਟਰ ਜਗਜੀਤ ਸਿੰਘ ਦਰਦੀ ਨੂੰ ਲੇਖਕ ਤੇ ਸ਼੍ਰੋਮਣੀ ਪੱਤਰਕਾਰ ਕਮਲਜੀਤ ਸਿੰਘ ਬਨਵੈਤ ਆਪਣੀ ਨਵ-ਪ੍ਰਕਾਸ਼ਿਤ ਪੁਸਤਕ ਇਹ ਮਾਂ ਵਿਕਾਊ ਹੈ, ਭੇਟ ਕਰਦੇ ਹੋਏ। ਕਮਲਜੀਤ ਸਿੰਘ ਬਨਵੈਤ ਦੀ ਇਹ 17ਵੀਂ ਪੁਸਤਕ ਹੈ।

# ਲਿਟਲ ਜੀਨੀਅਸ ਸਕੂਲ ਦੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰਾਮਨੀ



ਰੂਪਨਗਰ, 25 ਮਾਰਚ ( ਅਮਿਤ ਅਰੋੜਾ ) : ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਲਿਟਲ ਜੀਨੀਅਸ ਸਕੂਲ ਦੇ ਬੱਚਿਆਂ ਦੀ ਗ੍ਰੈਜੂਏਸ਼ਨ ਸੈਰਾਮਨੀ ਦਾ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਯੂ.ਕੇ.ਜੀ. ਕਲਾਸ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਤਮ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਸ਼ਮਾ ਰੌਸ਼ਨ ਕਰ ਕੇ ਕੀਤੀ ਗਈ। ਸਕੂਲ ਦੇ ਪ੍ਰਿੰਸੀਪਲ ਆਰ ਭੂਵਨਾ ਮੁੱਖ ਮਹਿਮਾਨ ਵਜੋਂ ਪੁੱਜੇ ਬੱਚਿਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਜੀਵਨ ਦਾ ਇੱਕ ਮਹੱਤਵਪੂਰਨ ਦਿਨ ਹੈ ਅਤੇ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ, ਬੱਚਿਆਂ ਨੂੰ ਉਨ੍ਹਾਂ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਲਈ ਪੁਰਸਕਾਰ ਵੰਡੇ ਗਏ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ, ਜਿਨ੍ਹਾਂ ਵਿੱਚ ਡਾਂਸ ਅਤੇ ਸੰਗੀਤ ਸ਼ਾਮਲ ਸਨ। ਸਮਾਰੋਹ ਦੇ ਸਮਾਪਤੀ ਮੌਕੇ ਸਕੂਲ ਦੀ ਹੈਡ ਮਿਸਟਰਸ ਹਰਿੰਦਰ ਕੌਰ ਨੇ ਮਾਪਿਆਂ ਨੂੰ ਸੰਬੋਧਿਤ ਕੀਤਾ ਅਤੇ ਬੱਚਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਮੁੱਖ ਪ੍ਰਬੰਧਕ ਸੂਬਾ ਭੁਪਿੰਦਰ ਸਿੰਘ ਅਤੇ ਗੁਣਵੰਤ ਕੌਰ ਨੇ ਬੱਚਿਆਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਸਫਲਤਾ ਲਈ ਬਹੁਤ-ਬਹੁਤ ਵਧਾਈ ਦਿੱਤੀ ਅਤੇ ਇਸ ਆਯੋਜਨ ਵਿੱਚ ਉਨ੍ਹਾਂ ਦਾ ਮੁੱਖ ਯੋਗਦਾਨ ਰਿਹਾ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਨੇ ਸ਼ਹੀਦੀ ਦਿਵਸ 'ਤੇ ਸ਼ਹੀਦਾਂ ਨੂੰ ਕੀਤਾ ਯਾਦ




ਰੂਪਨਗਰ, 25 ਮਾਰਚ ( ਅਮਿਤ ਅਰੋੜਾ ) : ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ , ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ, ਨੇ 'ਮਸ਼ਾਲ – ਏ– ਹਿੰਦ' ਥੀਮ 'ਤੇ ਸ਼ਹੀਦੀ ਦਿਵਸ 2026 ਨੂੰ ਪੂਰੇ ਯੂਨੀਵਰਸਿਟੀ ਕੈਂਪਸ ਵਿੱਚ ਅਰਥਪੂਰਨ ਅਤੇ ਦੇਸ਼ ਭਗਤੀ ਦੀਆਂ ਗਤੀਵਿਧੀਆਂ ਦੀ ਇੱਕ ਲੜੀ ਦੇ ਨਾਲ ਮਨਾਇਆ। ਇਸ ਮੌਕੇ ਮਹਾਨ ਕ੍ਰਾਂਤੀਕਾਰੀਆਂ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ ਗਈ ਜਿਨ੍ਹਾਂ ਦੀਆਂ ਕੁਰਬਾਨੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਪੂਰੇ ਪ੍ਰੋਗਰਾਮ ਦੌਰਾਨ ਕੈਂਪਸ ਦੇਸ਼ ਭਗਤੀ, ਏਕਤਾ ਅਤੇ ਰਾਸ਼ਟਰੀ ਮਾਣ ਦੀ ਡੂੰਘੀ ਭਾਵਨਾ ਨਾਲ ਗੂੰਜਦਾ ਰਿਹਾ। ਸਮਾਰੋਹ ਦੀ ਸ਼ੁਰੂਆਤ ਇੱਕ ਦੇਸ਼ ਭਗਤੀ ਰੈਲੀ ਨਾਲ ਹੋਈ, ਜਿਸ ਵਿੱਚ ਸਮਾਗਮ ਦੀ ਸ਼ੁਰੂਆਤ ਹੋਈ। ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ, ਤਖ਼ਤੀਆਂ ਫੜੀਆਂ ਅਤੇ ਦੇਸ਼ ਭਗਤੀ ਅਤੇ ਯਾਦ ਦੀ ਭਾਵਨਾ ਨੂੰ ਗੂੰਜਦੇ ਨਾਅਰੇ ਲਗਾਏ। ਪ੍ਰੋ. ਮੀਨਾਕਸ਼ੀ ਸ਼ਰਮਾ ਨੇ ਦੱਸਿਆ ਕਿ ਇਸ ਦੇਸ਼ ਭਗਤੀ ਦੇ ਪ੍ਰੋਗਰਾਮ ਵਿੱਚ ਨਾਚ, ਗਾਇਨ ਅਤੇ ਨਾਟਕੀ ਪ੍ਰਦਰਸ਼ਨ ਸ਼ਾਮਲ ਸਨ , ਨੇ ਦੇਸ਼ ਪ੍ਰਤੀ ਕੁਰਬਾਨੀ ਅਤੇ ਸ਼ਰਧਾ ਦੀ ਭਾਵਨਾ ਨੂੰ ਦਰਸਾਇਆ। ਇੱਕ ਖਾਸ ਆਕਰਸ਼ਣ 'ਅਮਰ ਗੂੰਜ ਅਤੇ ਆਜ਼ਾਦੀ ਦਾ ਮਾਣ' ਨਾਮਕ ਦੋ ਪ੍ਰਭਾਵਸ਼ਾਲੀ ਸਕਿਟਾਂ ਦਾ ਮੰਚਨ ਸੀ, ਜਿਨ੍ਹਾਂ ਨੇ ਭਗਤ ਸਿੰਘ ਦੇ ਜੀਵਨ, ਸੰਘਰਸ਼ਾਂ ਅਤੇ ਸ਼ਹਾਦਤ ਨੂੰ ਸਪੱਸ਼ਟ ਤੌਰ 'ਤੇ ਦਰਸਾਇਆ, ਜਿਸ ਵਿੱਚ ਫਾਂਸੀ ਦੇ ਸਮੇਂ ਦੌਰਾਨ ਸ਼ਹੀਦ ਦੇ ਪਰਿਵਾਰ ਦੀ ਭਾਵਨਾਤਮਕ ਯਾਤਰਾ ਵੀ ਸ਼ਾਮਲ ਸੀ। 'ਮਸ਼ਾਲ-ਏ-ਹਿੰਦ' ਪ੍ਰੋਗਰਾਮ ਨੇ ਬੌਧਿਕ ਡੂੰਘਾਈ ਵੀ ਜੋੜੀ, ਯੂਨੀਵਰਸਿਟੀ ਸਕੂਲ ਆਫ਼ ਲੀਗਲ ਸਟੱਡੀਜ਼ ਵੱਲੋਂ ਸ਼ਹੀਦ ਭਗਤ ਸਿੰਘ ਦੇ ਪੱਤਰਾਂ ਦੀ ਪ੍ਰਦਰਸ਼ਨੀ ਅਤੇ ਭਾਸ਼ਾ ਵਿਭਾਗ ਪੰਜਾਬ ਦੁਆਰਾ ਕਿਤਾਬਾਂ ਦੀ ਪ੍ਰਦਰਸ਼ਨੀ ਨੇ ਪ੍ਰੇਰਨਾਦਾਇਕ ਇਨਕਲਾਬੀ ਸਾਹਿਤ ਪ੍ਰਦਰਸ਼ਿਤ ਕੀਤਾ। ਇਸ ਮੌਕੇ ਵਾਈਸ ਚਾਂਸਲਰ ਡਾ. ਏ. ਐੱਸ. ਚਾਵਲਾ ਦੀ ਮਾਣਯੋਗ ਹਾਜ਼ਰੀ ਨੇ ਸਨਮਾਨਿਤ ਕੀਤਾ, ਜਿਨ੍ਹਾਂ ਨੇ ਸਮਾਗਮ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਹਾਜ਼ਰੀਨ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸਿੱਖਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿੱਚ ਰਜਿਸਟਰਾਰ ਡਾ. ਬੀ. ਐੱਸ. ਸਤਿਆਲ, ਸੀਈਓ ਵਿਮਲ ਮਨਹੋਤਰਾ, ਕਾਰਜਕਾਰੀ ਡੀਨ ਡਾ. ਐੱਚ. ਪੀ. ਐੱਸ. ਧਾਮੀ, ਕਾਰਜਕਾਰੀ ਡੀਨ ਡਾ. ਆਸ਼ੂਤੋਸ਼ ਸ਼ਰਮਾ, ਡਾ. ਰਾਜਿੰਦਰ ਕੌਰ, ਡਾ. ਮਹਿੰਦਰ ਸਿੰਘ, ਸ਼੍ਰੀ ਪੀ. ਕੇ. ਵਰਮਾ, ਡਾ. ਅਮਿਤ ਸ਼ਰਮਾ ਡਾ. ਵੀ. ਕੇ. ਸੈਣੀ, ਇੰਜੀਨੀਅਰ ਮਨਦੀਪ ਸਿੰਘ, ਪ੍ਰੋ. ਨਰਿੰਦਰ ਭੂੰਬਲਾ ਪੀ.ਆਰ.ਓ. ਸਮੇਤ ਸਨਮਾਨਿਤ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦਾ ਆਯੋਜਨ ਅਤੇ ਤਾਲਮੇਲ ਪ੍ਰੋ. ਸੁਖਵਿੰਦਰ ਕੌਰ ਕੋਆਰਡੀਨੇਟਰ ਕਾਲੀਡੀਸਕੋਪ ਕਲੱਬ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦਸਤਾਰ ਬੰਦੀ, ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਵਿੱਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ।

# ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਰਾਜਨੀਤਿਕ ਆਗੂਆਂ ਵੱਲੋਂ ਦਰਸ਼ਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ



ਘਨੌਰ, 25 ਮਾਰਚ (ਰਾਜਿੰਦਰ ਸਿੰਘ ਕੰਬੋਜ) : ਘਨੌਰ ਤੋਂ ਪੱਤਰਕਾਰ ਸਰਦਾਰਾ ਸਿੰਘ ਲਾਛੜੂ ਦੇ ਵੱਡੇ ਭਰਾ ਦਰਸ਼ਨ ਸਿੰਘ ਦੇ ਹਾਲ ਹੀ ਵਿੱਚ ਹੋਏ ਦੇਹਾਂਤ ਮਗਰੋਂ ਅੱਜ ਪਿੰਡ ਲਾਛੜੂ ਖੁਰਦ 'ਚ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਸਥਾਨਕ ਗੁਰਦੁਆਰਾ ਸਾਹਿਬ 'ਚ ਅਖੰਡ ਪਾਠ ਦੇ ਭੋਗ ਪਾਏ ਗਏ, ਅਤੇ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਕੀਤੀ ਗਈ। ਇਸ ਮੌਕੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਰਾਜਨੀਤਿਕ ਆਗੂਆਂ ਅਤੇ ਪ੍ਰਸ਼ਾਸਨਿਕ ਅਫ਼ਸਰਾਂ ਵੱਲੋਂ ਹਾਜ਼ਰੀ ਭਰ ਕੇ ਮਰਹੂਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਜਸਮੇਰ ਸਿੰਘ ਲਾਛੜੂ ਐਸ ਜੀ ਪੀ ਸੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਸਰਬਜੀਤ ਸਿੰਘ ਝਿੰਜਰ, ਸਾਬਕਾ ਵਿਧਾਇਕ ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰਾ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਵਿਕਾਸ ਸ਼ਰਮਾ ਵਿੱਕੀ, ਗੁਰਲਾਲ ਘਨੌਰ ਟੀਮ, ਸਤਨਾਮ ਸਿੰਘ ਬਹਿਰੂ, ਸਰਬਜੀਤ ਸਿੰਘ ਝਿੰਜਰ, ਜ਼ਿਲਾ ਪ੍ਰਧਾਨ ਭਾਜਪਾ ਜਸਪਾਲ ਸਿੰਘ ਗੰਗਰੋਲੀ,ਹਰਵਿੰਦਰ ਸਿੰਘ ਸੰਧਾਰਸੀ, ਹਰਵਿੰਦਰ ਸਿੰਘ ਵਿਰਕ,ਲਾਲ ਸਿੰਘ ਸਾਬਕਾ ਡਿਪਟੀ ਡਾਇਰੈਕਟਰ, ਜਸਵਿੰਦਰ ਸਿੰਘ ਮੋਣੀ ਭਾਖਰ, ਹਰਜਿੰਦਰ ਸਿੰਘ ਸਰਵਾਰਾ,ਭਾਖਰ ਸਿੰਘ ਕਾਰਜਕਲੀ ਮੈਂਬਰ, ਧਰਮਪਾਲ ਸਿੰਘ ਸੀਲ, ਡਾ ਵਿਜੇਪਾਲ, ਹਰਵਿੰਦਰ ਸਿੰਘ ਕਾਮੀ, ਗੁਰਸੇਵਕ ਸਿੰਘ ਅੰਟਾਲ ਸ਼੍ਰੋ ?ਮਣੀ ਅਕਾਲੀ ਦਲ ਵਾਰਸ ਪੰਜਾਬ, ਕੁਲਵੰਤ ਸਿੰਘ, ਸੁਦੇਸ਼ ਸ਼ਰਮਾ, ਆਪ ਦੇ ਵਾਈਸ ਚੇਅਰਮੈਨ ਪੀਆਰਟੀਸੀ ਦੇ ਬਲਵਿੰਦਰ ਸਿੰਘ ਝਾੜਵਾ, ਵਾਈਸ ਚੇਅਰਮੈਨ ਹੈਲਥ ਮਨਜਿੰਦਰ ਸਿੰਘ ਵਿੱਕੀ, ਹਲਕਾ ਇੰਚਾਰਜ ਭਾਜਪਾ ਘਨੌਰ ਵਿਕਾਸ ਸ਼ਰਮਾ ,ਸਰਪੰਚ ਤੇਜਿੰਦਰ ਸਿੰਘ ਰਾਏ ਪੁਰ, ਕਿਸਾਨ ਜਥੇਬੰਦੀਆਂ ਯੂਨੀਅਨ ਦੇ ਪ੍ਰਧਾਨ ਪੁਆਧ ਚਰਨਜੀਤ ਸਿੰਘ ਝੁਗੀਆ, ਮਨਜੀਤ ਸਿੰਘ ਘੁੰਮਾਣਾ, ਤੇਜਿੰਦਰ ਸਿੰਘ ਲੀਲਾ, ਘਨੌਰ ਪ੍ਰੈਸ ਕਲੱਬ ਦੇ ਪ੍ਰਧਾਨ ਰਾਜਿੰਦਰ ਸਿੰਘ ਮੋਹੀ,ਕਰਮਜੀਤ ਸਿੰਘ ਮਰਦਾਂਪੁਰ,ਅਭਿਸ਼ੇਕ ਸੂਦ ਅਤੇ ਸਮੂਹ ਮੈਂਬਰ, ਲਾਲ ਸਿੰਘ ਮਰਦਾਂਪੁਰ,ਕੁਲਵਿੰਦਰ ਸਿੰਘ ਮਰਦਾਂਪੁਰ,ਸਤਪਾਲ ਸਿੰਘ ਰਾਗੀ ਸਮਾਗਮ ਦੌਰਾਨ ਹਾਜ਼ਰ ਲੋਕਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਮਰਹੂਮ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ। ਇਸ ਦੌਰਾਨ ਬੋਲਣ ਵਾਲਿਆਂ ਨੇ ਕਿਹਾ ਕਿ ਮਰਹੂਮ ਸਧਾਰਣ ਸੁਭਾਉ ਅਤੇ ਨੇਕ ਇਨਸਾਨ ਸਨ, ਜਿਨ੍ਹਾਂ ਦੀ ਕਮੀ ਹਮੇਸ਼ਾ ਮਹਿਸੂਸ ਕੀਤੀ ਜਾਵੇਗੀ।

# ਫਿਰੋਜ਼ਪੁਰ ਰੋਡ ਰੇਲਵੇ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਭਵਨ ਵਿਖੇ ਸਾਲਾਨਾ ਫੰਕਸ਼ਨ ਦਾ ਆਯੋਜਨ




ਲੁਧਿਆਣਾ, 25 ਮਾਰਚ (ਜਤਿੰਦਰਪਾਲ ਸਿੰਘ ਛਾਬੜਾ) : ਲੁਧਿਆਣਾ ਦੇ ਫਿਰੋਜ਼ਪੁਰ ਰੋਡ ਰੇਲਵੇ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਭਵਨ ਵਿਖੇ ਬੀਤੇ ਦਿਨੀਂ ਐਨਉਲ ਫਕਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਬੀ ਸੀ ਸ਼ਰਮਾ ਜਰਨਲ ਸੈਕਟਰੀ ਉਤਰੀ ਰੇਲਵੇ ਮਜ਼ਦੂਰ ਯੂਨੀਅਨ ਅਤੇ ਹੋਰ ਸੀਨੀਅਰ ਆਗੂਆਂ ਨੇ ਸ਼ਿਰਕਤ ਕੀਤੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕੀ ਜੋ ਅੱਜ ਅਸੀ ਐਨਉਲ ਫਕਸ਼ਨ ਮਨਾ ਰਹੇ ਹਾਂ ਇਸ ਦਾ ਇੱਕੋ ਇੱਕ ਮਕਸਦ ਹੈ ਕੀ ਸਾਡੇ ਜੋ ਪੈਨਸ਼ਨਰ ਭਰਾ ਜਾ ਭੈਣਾ ਹਨ ਉਨ੍ਹਾਂ ਨੂੰ ਜੋ ਮੁਸ਼ਕਿਲਾਂ ਆ ਰਹੀਆਂ ਹਨ ਉਨ੍ਹਾਂ ਮੁਸ਼ਕਿਲਾਂ ਦਾ ਹੱਲ ਕਿਸ ਤਰਾਂ ਕੀਤਾ ਜਾਵੇ, ਕਿਉਂਕਿ ਰਿਟਾਇਰਡ ਹੋਣ ਤੋ ਪੈਨਸ਼ਨ ਲੈਣਾ ਸਾਡਾ ਹੱਕ ਹੈ, ਜਿਸ ਵਿੱਚ ਸਮੇਂ ਦੀਆਂ ਸਰਕਾਰਾਂ ਦੇ ਵੱਲੋਂ ਨਵੇ ਬਦਲਾਅ ਕੀਤੇ ਜਾਦੇ ਹਨ ਉਨ੍ਹਾਂ ਗੱਲਾਂ ਨੂੰ ਲੈ ਕੇ ਅੱਜ ਵਿਸ਼ੇਸ਼ ਚਰਚਾ ਕੀਤੀ ਅਤੇ ਪੈਨਸ਼ਨ ਧਾਰਕਾਂ ਨੂੰ ਜਾਗਰੂਕ ਕੀਤਾ ਗਿਆ ਹੈ।ਇਸ ਮੌਕੇ ਰੇਲਵੇ ਪੈਨਸ਼ਨਰਾ ਨੇ ਆਪਣੀਆ ਸਮੱਸਿਆਵਾਂ ਬਾਰੇ ਵਿਸ਼ੇਸ਼ ਚਰਚਾ ਵੀ ਕੀਤੀ।

# ਐਸਡੀਐਫ ਵੱਲੋਂ ਨਸ਼ਿਆਂ ਵਿਰੁੱਧ ਲੜਾਈ ਲਈ ਵਿਸਾਖੀ ਦਿਹਾੜੇ ਮੌਕੇ 'ਨਸ਼ਾ ਮੁਕਤ ਪੰਜਾਬ' ਮੁਹਿਮ ਦੀ ਸ਼ੁਰੂਆਤ ਕੀਤੀ ਜਾਵੇਗੀ : ਹੌਬੀ



ਲੁਧਿਆਣਾ, 26 ਮਾਰਚ (ਰਵਿੰਦਰ ਸਿੰਘ ਨਿੱਝਰ) : ਭਾਜਪਾ ਪੰਜਾਬ ਦੇ ਸੀਨੀਅਰ ਆਗੂ ਅਤੇ ਸਟੂਡੈਂਟਸ ਡੈਮੋਕਰੇਟਿਕ ਫੈਡਰੇਸ਼ਨ ਐਸਡੀਐਫ ਦੇ ਕੌਮੀ ਪ੍ਰਧਾਨ ਸ. ਜਸਪ੍ਰੀਤ ਸਿੰਘ ਹੌਬੀ ਵੱਲੋਂ ਲੁਧਿਆਣਾ ਵਿਖੇ ਜਥੇਬੰਦੀ ਦੇ ਕੁਝ ਸੀਨੀਅਰ ਮੈਂਬਰ ਸਾਹਿਬਾਨਾਂ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਪੰਜਾਬ ਸੂਬੇ ਅੰਦਰ ਦਿਨ ਬਦਿਨ ਵਿਦਿਆਰਥੀ ਵਰਗ ਅਤੇ ਨੌਜਵਾਨਾਂ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਘਟਾਉਣ ਅਤੇ ਨਸ਼ਿਆਂ ਦੀ ਰੋਕਥਾਮ ਸਬੰਧੀ ਵੱਲੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਜਾਗਰੂਕਤਾ ਲਿਆਉਣ ਲਈ ਜਥੇਬੰਦੀ ਦੀ ਟੀਮ ਵੱਲੋਂ ਵਿਸਾਖੀ ਵਾਲੇ ਦਿਹਾੜੇ ਮੌਕੇ 'ਨਸ਼ਾ ਮੁਕਤ ਪੰਜਾਬ' ਮੁਹਿੰਮ ਦੀ ਸ਼ੁਰੂਆਤ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਵਿੱਚ ਜਥੇਬੰਦੀ ਦੀ ਟੀਮ ਦੇ ਕੁਝ ਮੈਂਬਰ ਸਾਹਿਬਾਨਾਂ ਵੱਲੋਂ ਇੱਕ ਕਮੇਟੀ ਬਣਾ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ 'ਨਸ਼ਿਆਂ ਦੇ ਜ਼ਿੰਦਗੀ ਵਿੱਚ ਭੈੜੇ ਨਤੀਜੇ ਅਤੇ ਨਸ਼ਿਆਂ ਨੂੰ ਛੱਡਣ ਦੇ ਲਾਭ' ਸਬੰਧੀ ਸੈਮੀਨਾਰ ਅਤੇ ਜਾਗਰੂਕਤਾ ਕੈਂਪ ਲਗਾਉਣ ਦੇ ਨਾਲ ਨਾਲ ਲਿਟਰੇਚਰ ਵੀ ਵੰਡਿਆ ਜਾਵੇਗਾ ਅਤੇ ਇਸ ਦੇ ਨਾਲ ਵਿਦਿਆਰਥੀ ਵਰਗ ਦੀ ਮਦਦ ਲੈ ਕੇ 'ਨਸ਼ਾ ਮੁਕਤ ਪੰਜਾਬ' ਦਾ ਸੁਪਨਾ ਸਾਕਾਰ ਕਰਨ ਅਤੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਵਰਗ ਦੀ ਜ਼ਿੰਦਗੀ ਵਿੱਚੋਂ ਨਸ਼ਿਆਂ ਦੇ ਭੈੜੇ ਰੁਝਾਨ ਨੂੰ ਬਾਹਰ ਕੱਢਣ ਲਈ ਇੱਕ ਵਿਸ਼ੇਸ਼ ਦਸਤਖਤ ਮੁਹਿੰਮ ਵੀ ਚਲਾਈ ਜਾਵੇਗੀ, ਜਿਸ ਵਿੱਚ ਵਿਦਿਆਰਥੀ ਵਰਗ ਤੋਂ ਲੈ ਕੇ ਹਰ ਵਰਗ ਤੱਕ ਜੋ 'ਨਸ਼ਾ ਮੁਕਤ ਪੰਜਾਬ' ਅਤੇ ਪੰਜਾਬ ਨੂੰ 'ਸੋਨੇ ਦੀ ਚਿੜੀ' ਦੇਖਣਾ ਚਾਹੁੰਦਾ ਹੈ ਉਸ ਵੱਲੋਂ ਇੱਕ ਸਾਂਝੇ ਪਲੇਟਫਾਰਮ ਉੱਪਰ ਦਸਤਖਤ ਕਰਕੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਆਪਣੇ ਵੱਲੋਂ ਯੋਗਦਾਨ ਪਾਇਆ ਜਾਵੇਗਾ।


ਇਸ ਮੌਕੇ ਸ. ਹੌਬੀ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਇਸ ਮੁਹਿੰਮ ਨੂੰ ਸਮਰਥਨ ਅਤੇ ਹੁੰਗਾਰਾ ਦੇਣਗੇ ਉਹਨਾਂ ਨੂੰ ਜਥੇਬੰਦੀ ਵੱਲੋਂ ਮੈਂਬਰਸ਼ਿਪ ਦੇ ਕੇ ਐਸਡੀਐਫ ਮੈਂਬਰਸ਼ਿਪ 2026 ਦਾ ਵਿਸ਼ੇਸ਼ ਹਿੱਸਾ ਵੀ ਬਣਾਇਆ ਜਾਵੇਗਾ।

# ਰਣਜੀਤ ਸਿੰਘ ਜੀਤੀ ਪਡਿਆਲਾ ਵੱਲੋਂ ਪਿੰਡ ਲਖਨੌਰ ਦੇ ਕਾਂਗਰਸੀ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ



ਮਾਜਰੀ/ਕੁਰਾਲੀ, 25 ਮਾਰਚ (ਰਜਨੀਕਾਂਤ ਗਰੋਵਰ ) : ਅੱਜ ਹਲਕਾ ਖਰੜ ਦੇ ਪਿੰਡ ਲਖਨੌਰ ਵਿਖੇ ਰਣਜੀਤ ਸਿੰਘ ਜੀਤੀ ਪਡਿਆਲਾ, ਸਾਬਕਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਮੋਹਾਲੀ ਵੱਲੋਂ ਕਾਂਗਰਸੀ ਵਰਕਰਾਂ ਅਤੇ ਇਲਾਕੇ ਦੇ ਆਗੂਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਟੀ ਦੀਆਂ ਗਤੀਵਿਧੀਆਂ, ਸੰਗਠਨ ਨੂੰ ਮਜ਼ਬੂਤ ਕਰਨ ਅਤੇ ਵਰਕਰਾਂ ਦੀ ਲਾਮਬੰਦੀ ਸਬੰਧੀ ਵਿਸਥਾਰ ਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਣਜੀਤ ਸਿੰਘ ਜੀਤੀ ਪਡਿਆਲਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਲੋਕਾਂ ਦੇ ਹੱਕਾਂ ਅਤੇ ਭਲਾਈ ਲਈ ਸੰਘਰਸ਼ ਕਰਦੀ ਆਈ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਦਾ ਜਵਾਬ ਦੇਣ ਲਈ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਵਰਕਰ ਹੀ ਪਾਰਟੀ ਦੀ ਅਸਲੀ ਤਾਕਤ ਹੁੰਦੇ ਹਨ ਅਤੇ ਪਾਰਟੀ ਨੂੰ ਮਜ਼ਬੂਤ ਬਣਾਉਣ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੁੰਦਾ ਹੈ। ਉਨ੍ਹਾਂ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਲੋਕਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸੀ ਵਰਕਰ ਇਕਜੁੱਟ ਹੋ ਕੇ ਮਿਹਨਤ ਕਰਨ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਜਿੱਤ ਮਿਲੇਗੀ। ਰਣਜੀਤ ਸਿੰਘ ਜੀਤੀ ਪਡਿਆਲਾ ਨੇ ਕਿਹਾ ਕਿ ਪੰਜਾਬ ਦੇ ਲੋਕ ਅੱਜ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਨਿਰਾਸ਼ ਹਨ ਅਤੇ ਲੋਕਾਂ ਨੂੰ ਵਿਕਾਸ, ਰੋਜ਼ਗਾਰ ਅਤੇ ਕਾਨੂੰਨ-ਵਿਵਸਥਾ ਵਰਗੇ ਮੁੱਦਿਆਂ 'ਤੇ ਹੱਲ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਲੋਕਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਹੱਕਾਂ ਲਈ ਲੜਦੀ ਰਹੀ ਹੈ ਅਤੇ ਅੱਗੇ ਵੀ ਇਹ ਸੰਘਰਸ਼ ਜਾਰੀ ਰਹੇਗਾ। ਮੀਟਿੰਗ ਦੌਰਾਨ ਕਾਂਗਰਸੀ ਵਰਕਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਭਰੋਸਾ ਦਿੱਤਾ ਕਿ ਉਹ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਸਰਪੰਚ ਰਜਿੰਦਰ ਮਸੀਹ, ਸਾਬਕਾ ਸਰਪੰਚ ਭੁਪਿੰਦਰ ਸਿੰਘ ਭਿੰਦੀ, ਨੰਬਰਦਾਰ ਸੋਹਣ ਸਿੰਘ, ਬਲਬੀਰ ਸਿੰਘ, ਹਰਵਿੰਦਰ ਸਿੰਘ, ਸਤਿੰਦਰ ਸਿੰਘ ਸੱਤੀ, ਸਾਬਕਾ ਪੰਚ ਗੁਰਚਰਨ ਸਿੰਘ ਵੀ ਹਾਜ਼ਰ ਸਨ ।

# ਨਸ਼ਾ ਤਸਕਰ ਦੀ 30 ਲੱਖ ਦੀ ਜਾਇਦਾਦ ਜ਼ਬਤ



ਸਮਾਣਾ, 25 ਮਾਰਚ (ਵਿਜੇ ਕੁਮਾਰ) : ਪੁਲਸ ਵੱਲੋਂ ਪਿੰਡ ਦੇਧਨਾ ਦੇ ਇੱਕ ਨਸ਼ਾ ਤਸਕਰ ਦੀ ਪਿੰਡ ਵਿੱਚ ਸਥਿਤ 30 ਲੱਖ ਰੁਪਏ ਦੀ ਕੀਮਤ ਵਾਲੀ ਪ੍ਰਾਪਰਟੀ ਅਟੈਚ (ਜ਼ਬਤ) ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਘੱਗਾ ਪੁਲਸ ਦੇ ਇੰਚਾਰਜ ਇੰਸਪੈਕਟਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਨਸ਼ੇ ਵਿਰੁੱਧ ਜੰਗ' ਮੁਹਿੰਮ ਤਹਿਤ ਉੱਚ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਨਸ਼ਾ ਤਸਕਰ ਜਸਵੀਰ ਸਿੰਘ ਨਿਵਾਸੀ ਪਿੰਡ ਦੇਧਨਾ ਦੀ ਪ੍ਰਾਪਰਟੀ ਅਟੈਚ ਕੀਤੀ ਗਈ ਹੈ। ਦੋਸ਼ੀ 1100 ਨਸ਼ੀਲੀਆਂ ਗੋਲ਼ੀਆਂ ਦੀ ਤਸਕਰੀ ਦੇ ਇਲਜ਼ਾਮ ਵਿੱਚ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾ ਤਹਿਤ ਜੇਲ੍ਹ ਵਿੱਚ ਬੰਦ। ਦੋਸ਼ੀ ਖ਼ਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਪਹਿਲਾਂ ਹੀ 9 ਹੋਰ ਮਾਮਲੇ ਦਰਜ ਹਨ।ਅਧਿਕਾਰੀ ਅਨੁਸਾਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਹਨ ਕਿ ਜੋ ਵਿਅਕਤੀ ਨਸ਼ਾ ਤਸਕਰੀ ਦੇ ਧੰਦੇ ਤੋਂ ਬਾਜ਼ ਨਹੀਂ ਆਉਂਦਾ, ਉਸ ਵੱਲੋਂ ਨਸ਼ੇ ਦੀ ਕਮਾਈ ਨਾਲ ਬਣਾਈ ਗਈ ਜਾਇਦਾਦ ਨੂੰ ਬਣਦੀ ਕਾਰਵਾਈ ਤੋਂ ਬਾਅਦ ਪੁਲਿਸ ਵੱਲੋਂ ਅਟੈਚ ਕਰ ਦਿੱਤਾ ਜਾਂਦਾ ਹੈ। ਇਸੇ ਨਿਯਮ ਤਹਿਤ ਜਸਵੀਰ ਸਿੰਘ ਦੀ ਉਕਤ ਜਾਇਦਾਦ ਜ਼ਬਤ ਕੀਤੀ ਗਈ ਹੈ।

# ਭਾਈ ਮਨਦੀਪ ਸਿੰਘ ਸਿੱਧੂ ਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਸਕੱਤਰ ਜਨਰਲ ਨਿਯੁਕਤ ਕਰਨ ਦਾ ਕੀਤਾ ਸਵਾਗਤ



ਲੁਧਿਆਣਾ, 25 ਮਾਰਚ(ਜਤਿੰਦਰਪਾਲ ਸਿੰਘ ਛਾਬੜਾ) ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਦੀ ਅਗਵਾਈ ਹੇਠ ਸ਼ਹੀਦ ਭਾਈ ਸੰਦੀਪ ਸਿੰਘ ਸਿੱਧੂ (ਬਾਈ ਦੀਪ ਸਿੱਧੂ) ਦੇ ਭਰਾ ਭਾਈ ਮਨਦੀਪ ਸਿੰਘ ਸਿੱਧੂ ਨੂੰ ਪਾਰਟੀ ਦਾ ਸਕੱਤਰ ਜਨਰਲ ਨਿਯੁਕਤ ਕੀਤੇ ਜਾਣ ਤੇ ਪਾਰਟੀ ਆਗੂਆਂ ਵੱਲੋਂ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਪ੍ਰਗਟਾਇਆ ਗਿਆ ਹੈ।ਇੱਥੇ ਜਾਰੀ ਇੱਕ ਬਿਆਨ ਵਿੱਚ ਪਾਰਟੀ ਆਗੂਆਂ ਗੁਰਪ੍ਰੀਤ ਸਿੰਘ ਪ੍ਰਿੰਸ, ਅਮਨਦੀਪ ਸਿੰਘ ਹਸਨਪੁਰ, ਜਗਰੂਪ ਸਿੰਘ ਹਸਨਪੁਰ, ਮਨਿੰਦਰਪਾਲ ਸਿੰਘ ਧਾਲੀਵਾਲ (ਸਾਹਨੇਵਾਲ), ਮਨਪ੍ਰੀਤ ਸਿੰਘ ਹਸਨਪੁਰ, ਹਰਜਿੰਦਰ ਸਿੰਘ ਘੁਮਾਣ, ਬਲਵੰਤ ਸਿੰਘ ਸਿਰਸਾ, ਗੁਰਸਿਮਰਨ ਸਿੰਘ ਨੇ ਸਮੁੱਚੀ ਹਾਈ ਕਮਾਂਡ ਅਤੇ ਪਾਰਟੀ ਤੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਜੀ ਦਾ ਖਾਸ ਤੌਰ ਦਾ ਧੰਨਵਾਦ ਪ੍ਰਗਟਾਉਂਦੇ ਹੋਏ, ਕਿਹਾ ਕਿ ਭਾਈ ਮਨਦੀਪ ਸਿੰਘ ਸਿੱਧੂ ਦੇ ਜਥੇਬੰਦੀ ਦੇ ਸਕੱਤਰ ਜਨਰਲ ਨਿਯੁਕਤ ਹੋਣ ਨਾਲ ਪਾਰਟੀ ਨੂੰ ਹੋਰ ਮਜਬੂਤੀ ਮਿਲੀ ਹੈ। ਇਸ ਨਾਲ ਪੰਥਕ ਸੋਚ, ਨਿਡਰ ਆਵਾਜ਼ ਅਤੇ ਪੰਜਾਬ ਦੇ ਹੱਕਾਂ ਲਈ ਲੜਨ ਵਾਲੀ ਲਹਿਰ ਨੂੰ ਹੋਰ ਤਾਕਤ ਮਿਲੇਗੀ। ਉਹਨਾਂ ਨੇ ਕਿਹਾ ਕਿ ਇਸ ਫੈਸਲੇ ਦੇ ਨਾਲ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਜਿੱਥੇ ਹੋਰ ਮਜਬੂਤੀ ਮਿਲੇਗੀ, ਉਸ ਦੇ ਨਾਲ ਹੀ ਮਾਲਵਾ ਬੈਲਟ ਵਿੱਚ ਪਾਰਟੀ ਨੂੰ ਕਾਫੀ ਲਾਭ ਮਿਲੇਗਾ। ਇਸ ਨਿਯੁਕਤੀ ਨੇ ਨੌਜਵਾਨਾਂ ਅਤੇ ਆਗੂਆਂ ਨੂੰ ਅੱਗੇ ਲਿਆਉਣ ਪ੍ਰਤੀ ਪਾਰਟੀ ਦੀ ਵਚਨਬੱਧਤਾ ਨੂੰ ਇੱਕ ਵਾਰ ਫਿਰ ਤੋਂ ਸਾਬਤ ਕੀਤਾ ਹੈ

# ਪਿੰਡ ਅਮਲਾਲਾ 'ਚ ਨਾਜਾਇਜ਼ ਮਾਈਨਿੰਗ ਵਿਰੁੱਧ ਵੱਡਾ ਧਮਾਕਾ: ਦੀਪਇੰਦਰ ਢਿੱਲੋਂ ਦੀ ਅਗਵਾਈ ਹੇਠ ਸੈਂਕੜੇ ਲੋਕਾਂ ਨੇ ਘੇਰੇ ਰੇਤ ਦੇ ਟਿੱਪਰ



ਡੇਰਾਬੱਸੀ, 25 ਮਾਰਚ (ਮਨਦੀਪ ਵਰਮਾ/ਯੋਗੇਸ਼ ਰਾਣਾ) :ਡੇਰਾਬੱਸੀ ਦੇ ਪਿੰਡ ਅਮਲਾਲਾ ਨੇੜੇ ਘੱਗਰ ਦਰਿਆ ਵਿੱਚ ਦਿਨ-ਰਾਤ ਚੱਲ ਰਹੀ ਰੇਤੇ ਦੀ ਨਾਜਾਇਜ਼ ਮਾਈਨਿੰਗ ਨੇ ਹੁਣ ਜਨਤਕ ਅੰਦੋਲਨ ਦਾ ਰੂਪ ਧਾਰ ਲਿਆ ਹੈ। ਅੱਜ ਹਲਕਾ ਕਾਂਗਰਸ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਇਲਾਕੇ ਦੇ ਅੱਧੀ ਦਰਜਨ ਪਿੰਡਾਂ ਦੇ ਸੈਂਕੜੇ ਲੋਕਾਂ ਨੇ ਇਕੱਠੇ ਹੋ ਕੇ ਮਾਈਨਿੰਗ ਮਾਫੀਆ ਵਿਰੁੱਧ ਮੋਰਚਾ ਖੋਲ੍ਹ ਦਿੱਤਾ। ਰੋਸ ਪ੍ਰਦਰਸ਼ਨ ਦੌਰਾਨ ਗੁੱਸੇ ਵਿੱਚ ਆਏ ਲੋਕਾਂ ਨੇ ਰੇਤ ਨਾਲ ਭਰੇ ਟਿੱਪਰਾਂ ਨੂੰ ਰੋਕ ਕੇ ਉੱਥੇ ਹੀ ਧਰਨਾ ਲਾ ਦਿੱਤਾ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਧਰਨੇ ਨੂੰ ਸੰਬੋਧਨ ਕਰਦਿਆਂ ਦੀਪਇੰਦਰ ਸਿੰਘ ਢਿੱਲੋਂ ਨੇ ਸਿੱਧੇ ਤੌਰ 'ਤੇ ਮੌਜੂਦਾ ਆਪ ਵਿਧਾਇਕ ਕੁਲਜੀਤ ਸਿੰਘ ਰੰਧਾਵਾ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਹਲਕੇ ਵਿੱਚ ਮਿੱਟੀ ਅਤੇ ਰੇਤ ਦੀ ਨਾਜਾਇਜ਼ ਮਾਈਨਿੰਗ ਪੂਰੀ ਤਰ੍ਹਾਂ ਵਿਧਾਇਕ ਦੀ ਸ਼ਹਿ 'ਤੇ ਚੱਲ ਰਹੀ ਹੈ ਅਤੇ ਪ੍ਰਸ਼ਾਸਨ ਸਭ ਕੁਝ ਜਾਣਦੇ ਹੋਏ ਵੀ ਮੂਕ ਦਰਸ਼ਕ ਬਣਿਆ ਹੋਇਆ ਹੈ। ਸੱਤਾਧਾਰੀ ਧਿਰ ਦੇ ਲੋਕ ਮਾਈਨਿੰਗ ਮਾਫੀਆ ਨਾਲ ਮਿਲ ਕੇ ਕੁਦਰਤੀ ਸਰੋਤਾਂ ਦੀ ਲੁੱਟ ਕਰ ਰਹੇ ਹਨ। ਇਸ ਮੌਕੇ ਪਿੰਡ ਅਮਲਾਲਾ, ਚਡਿਆਲਾ, ਕਾਰਕੌਰ, ਬਰੌਲੀ ਅਤੇ ਬਹੋੜਾ ਦੇ ਨਿਵਾਸੀਆਂ ਨੇ ਦੱਸਿਆ ਕਿ ਮਾਈਨਿੰਗ ਦੇ ਭਾਰੀ ਟਿੱਪਰਾਂ ਕਾਰਨ ਘੱਗਰ ਦਰਿਆ ਤੇ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਬਣਾਇਆ ਗਿਆ ਪੁਲ ਬੁਰੀ ਤਰ੍ਹਾਂ ਖਸਤਾ ਹਾਲ ਹੋ ਚੁੱਕਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਹ ਮਾਈਨਿੰਗ ਨਾ ਰੁਕੀ ਤਾਂ ਇਲਾਕੇ ਦਾ ਸੰਪਰਕ ਟੁੱਟ ਸਕਦਾ ਹੈ ਅਤੇ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਲੋਕਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਸਖ਼ਤ ਲਹਿਜ਼ੇ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਤੁਰੰਤ ਪ੍ਰਭਾਵ ਨਾਲ ਇਹ ਨਾਜਾਇਜ਼ ਮਾਈਨਿੰਗ ਬੰਦ ਨਾ ਕੀਤੀ ਗਈ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਹੋਈ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਚੱਕਾ ਜਾਮ ਵਰਗੇ ਸਖ਼ਤ ਕਦਮ ਚੁੱਕੇ ਜਾਣਗੇ।

# ਮਕਾਨ ਦੀ ਰਜਿਸਟਰੀ ਨਾ ਕਰਵਾ ਕੇ ਮਾਰੀ ਠੱਗੀ

ਪਟਿਆਲਾ, 25 ਮਾਰਚ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਹਰਕੀਰਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਫੇਸ-2 ਅਰਬਨ ਅਸਟੇਟ ਪਟਿਆਲਾ ਨੇ ਕਥਿਤ ਦੋਸ਼ੀ ਸ਼ਾਮ ਲਾਲ ਪੁੱਤਰ ਰਾਮ ਦਾਸ ਵਾਸੀ ਫੇਸ-2 ਅਰਬਨ ਅਸਟੇਟ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀ ਨੇ ਉਸ ਨੂੰ ਮਕਾਨ ਵੇਚਣ ਦਾ ਝਾਂਸਾ ਦੇ ਕੇ ਬਤੌਰ ਬਿਆਨਾ 6,10,000 ਰੁਪਏ ਲੈ ਲਏ, ਪਰ ਬਾਅਦ ਵਿੱਚ ਨਾ ਤਾਂ ਮਕਾਨ ਦੀ ਰਜਿਸਟਰੀ ਕਰਵਾਈ ਅਤੇ ਨਾ ਹੀ ਪੈਸੇ ਵਾਪਿਸ ਕੀਤੇ।





ਪੰਜਾਬ ਸਰਕਾਰ

ਟੈਂਡਰ ਹਵਾਲਾ ਨੰ. ਐਮਸੀ/ਪਠਾਨਕੋਟ/219/ਸੀਈ/2025-26

ਨਗਰ ਨਿਗਮ ਪਠਾਨਕੋਟ ਦੇ ਵਿਭਾਗ ਵੱਲੋਂ ਵਿਕਾਸ ਕਾਰਜਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

ਬੰਦ ਹੋਣ ਦੀ ਮਿਤੀ ਅਤੇ ਸਮਾਂ : 06.04.2026 (ਸ਼ਾਮ 05.00 ਵਜੇ)
ਵੇਰਵਿਆਂ ਲਈ ਲਾਗ ਆਨ ਕਰੋ : http://eproc.punjab.gov.in
ਸੂਚਨਾ : ਟੈਂਡਰ/ਆਰਐਫਪੀ ਸੂਚਨਾ ਸਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।

ਸਹੀ/-
ਨਿਗਮ ਇੰਜੀਨੀਅਰ,
ਨਗਰ ਨਿਗਮ, ਪਠਾਨਕੋਟ

RO.No.PR-Advt.No.3184/12/2025-26/9903/Dated CHD : 25/03/2026

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਰਜਿ. ਦਫ਼ਤਰ : ਦੀ ਮਾਲ ਪੀ.ਐਸ.ਪੀ.ਸੀ.ਐਲ., ਪਟਿਆਲਾ)
ਕਾਰਪੋਰੇਟ ਆਈ. ਨੰ.: U40109PB2010SGC033813
ਵੈਬਸਾਈਟ : www.pspcl.in
ਫੋਨ ਨੰ.: 96461-41505

ਟੈਂਡਰ ਇਨਕੁਆਰੀ ਨੰ.: 04 DY.CE/DS Circle/Khanna/Mandi gobindgarh / 2026-27
ਮਿਤੀ : 26.03.2026

ਉਪ ਮੁੱਖ ਇੰਜੀਨੀਅਰ ਵੰਡ ਹਲਕਾ ਪੀ.ਐਸ.ਪੀ.ਸੀ.ਐਲ. 66 ਕੇ.ਵੀ. ਸ/ਸ ਕੰਪਲੈਕਸ ਜੀ.ਟੀ. ਰੋਡ ਖੰਨਾ ਵੱਲੋਂ ਵੰਡ ਹਲਕਾ ਖੰਨਾ ਅਧੀਨ ਪੈਂਦੇ ਮੰਡਲ ਮੰਡੀ ਗੋਬਿੰਦਗੜ੍ਹ ਅਧੀਨ ਉਪ ਮੰਡਲ ਟੈਕ-1 ਅਤੇ ਟੈਕ-1 ਅਧੀਨ ਵਿਤੀ ਸਾਲ 2026-2027 ਲਈ ਸੜਕ ਅਤੇ ਸਟ੍ਰੀਟ ਕਰਾਸਿੰਗਾਂ ਤੇ ਨੀਵੀਆਂ ਪੀ.ਵੀ.ਸੀ. ਕੇਬਲਾਂ ਨੂੰ ਠੀਕ ਕਰਨ ਲਈ ਪਾਇਲਟ ਪ੍ਰੋਜੈਕਟ ਤਹਿਤ ਲੇਬਰ ਆਊਟਸੋਰਸ ਰਾਹੀਂ ਕੰਮ ਕਰਵਾਉਣ ਹਿੱਤ ਟੈਂਡਰ ਇਨਕੁਆਰੀ ਲਗਾਈ ਜਾ ਰਹੀ ਹੈ। ਟੈਂਡਰ ਸਬੰਧੀ ਡਿਟੇਲਡ ਵੇਰਵੇ ਪੰਜਾਬ ਸਰਕਾਰ ਦੀ ਵੈਬਸਾਈਟ https://eproc.punjab.gov.in ਤੋਂ ਮਿਤੀ 26.03.2026 ਸਮਾਂ 11:00 ਵਜੇ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

ਨੋਟ : ਟੈਂਡਰ ਸਬੰਧੀ ਸੋਧ (ਜੇਕਰ ਕੋਈ ਹੋਵੇ) ਪੰਜਾਬ ਸਰਕਾਰ ਦੀ ਵੈਬਸਾਈਟ https://eproc.punjab.gov.in ਤੋਂ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ।

C 426 / 26

Ro No. PR-Advt. No.: 1079 / 12 / 2025-26 / 9921 / Dated CHD : 25.03.2026

Punjab State Transmission Corporation Limited Corporate Identity Number : U40109PB2010SGC033814 Website : www.pstcl.org Mobile No.: 96461-18048 E-mail : srxen-400kv-prot@pstcl.org

ਥੋੜ੍ਹਾ ਸਮਾਂ ਖੁੱਲ੍ਹਾ ਟੈਂਡਰ

ਟੈਂਡਰ ਇੰਨਕੁਆਰੀ ਨੰ. 01/2025-26

400 ਕੇ.ਵੀ. ਪ੍ਰੋਟੈਕਸ਼ਨ ਡਵੀਜ਼ਨ ਲੁਧਿਆਣਾ ਲਈ ਇੱਕ ਨੰਬਰ Additional outsourced vehicle (ਸਕੋਰਪੀਓ/ਯਾਈਲੋ/ਕੀਆ ਕੇਰਨਜ਼ ਜਾਂ ਉਸ ਦੇ ਬਰਾਬਰ ਕੀਮਤ ਦੀ ਗੱਡੀ) ਜੋ ਕਿ NIT ਦੀ ਮਿਤੀ ਸਮੇਂ 5 ਸਾਲ ਤੋਂ ਵੱਧ ਪੁਰਾਣੀ ਨਾ ਹੋਵੇ। ਪੀ.ਐਸ.ਟੀ.ਸੀ.ਐਲ. ਦੀ ਨਵੀਂ ਟ੍ਰਾਂਸਪੋਰਟ ਪਾਲਸੀ-2023 ਅਨੁਸਾਰ ਇੱਕ ਸਾਲ ਲਈ ਕਿਰਾਏ ਤੇ ਲੈਣ ਲਈ ਈ-ਟੈਂਡਰ ਲਗਾਇਆ ਜਾਂਦਾ ਹੈ। ਟੈਂਡਰ ਭਰਨ ਅਤੇ ਦਸਤਾਵੇਜ਼ ਡਾਊਨਲੋਡ ਕਰਨ ਦੀ ਆਖਰੀ ਮਿਤੀ 10.04.2026 ਅਤੇ ਸਮਾਂ 11:00 A.M. ਵਜੇ ਸਵੇਰੇ ਅਤੇ ਈ-ਟੈਂਡਰ ਖੋਲ੍ਹਣ ਦੀ ਮਿਤੀ 13.04.2026 ਸਮਾਂ 11:30 A.M. ਹੋਵੇਗਾ।

ਨੋਟ : ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸਬੰਧੀ ਵੇਰਵੇ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ www.pstcl.org ਤੇ ਵੇਖੇ ਜਾਣ। ਟੈਂਡਰ ਸਬੰਧੀ ਹੋਰ ਜਾਣਕਾਰੀ ਅਤੇ ਵੇਰਵੇ ਵੈਬਸਾਈਟ https://eproc.punjab.gov.in ਤੇ ਦੇਖੇ ਜਾਣ।

-ਸਹੀ-
ਸੀਨੀ.ਕਾ.ਕਾ. ਇੰਜ., 400 ਕੇ.ਵੀ. ਪ੍ਰੋਟੈਕਸ਼ਨ ਮੰਡਲ,
ਪੀ.ਐਸ.ਟੀ.ਸੀ.ਐਲ., ਲੁਧਿਆਣਾ

Ro No.: PR-Advt. No.: 1078 / 12 / 2025-26 / 9908 / Dated CHD : 25.03.2026

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਰਜਿ. ਆਫਿਸ: ਪੀ.ਐਸ.ਈ.ਬੀ. ਹੈੱਡ ਆਫਿਸ, ਦਾ ਮਾਲ ਪਟਿਆਲਾ - 147001)
ਕਾਰਪੋਰੇਟ ਪਛਾਣ ਨੰਬਰ : U40109PB2010SGC033813
ਵੈਬਸਾਈਟ : www.pspcl.in
(ਸੰਪਰਕ ਨੰ. 96461-19115)

ਟੈਂਡਰ ਇੰਨਕੁਆਰੀ ਨੰ.: 31/ਸੀ.ਐਮ.ਸੀ. - I/2025-26 ਮਿਤੀ : 24.03.2026

ਵਧੀਕ ਨਿਗਰਾਨ ਇੰਜੀਨੀਅਰ, ਸਿਵਲ ਮੇਨਟੀਨੈਂਸ ਸੈਲ ਨੰ.-1, ਸ਼ੈੱਡ ਨੰ. ਈ-4, ਸ਼ਕਤੀ ਵਿਹਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ ਵੱਲੋਂ :

1.ਪੀ.ਐਸ.ਪੀ.ਸੀ.ਐਲ. ਮੁੱਖ ਦਫ਼ਤਰ ਕੰਪਲੈਕਸ ਪਟਿਆਲਾ ਵਿਖੇ ਏਅਰ ਕੰਡੀਸ਼ਨਿੰਗ ਦੀ ਵਿਵਸਥਾ ਲਈ ਅੰਦਰੂਨੀ ਬਿਜਲੀਕਰਨ ਅਤੇ ਛੋਟੇ ਸਿਵਲ ਕਾਰਜ ਕੰਮ ਸਬੰਧੀ।

ਈ-ਟੈਂਡਰ ਮੰਗੇ ਜਾਂਦੇ ਹਨ। ਡੀ.ਐਨ.ਆਈ.ਟੀ. ਅਤੇ ਟੈਂਡਰ ਸਪੈਸੀਫਿਕੇਸ਼ਨ ਲਈ ਮਿਤੀ 25.03.2026 ਨੂੰ ਸ਼ਾਮ 5:00 ਵਜੇ ਤੋਂ ਵੈਬਸਾਈਟ https://eproc.punjab.gov.in ਨੂੰ ਵੇਖੋ।

ਨੋਟ : ਕੋਈ ਵੀ ਸੋਧ ਅਤੇ ਵਾਧਾ, ਵੈਬਸਾਈਟ https://eproc.punjab.gov.in ਤੇ ਪਬਲਿਸ਼ ਕੀਤਾ ਜਾਵੇਗਾ।

C 422 / 26

Ro No. PR-Advt. No.: 1079 / 12 / 2025-26 / 9890 / Dated CHD : 25.03.2026

ਨਗਰ ਨਿਗਮ ਚੰਡੀਗੜ੍ਹ

ਟੈਂਡਰ ਸੂਚਨਾ

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ - ਬਾਗਬਾਨੀ ਮੰਡਲ ਨੰ. 2 | | |
| 1. | ਕੈਪੀਟਲ ਹੈਡ-ਲੈਂਡ ਸਕੇਪਿੰਗ ਦੇ ਅਧੀਨ ਮਾਡਰਨ ਹਾਊਸਿੰਗ ਕੰਪਲੈਕਸ, ਮਨੀਮਾਜਰਾ, ਸੈਕਟਰ 13, ਚੰਡੀਗੜ੍ਹ ਦੇ ਨਾਲ ਲਗਦੇ ਵੱਖ-ਵੱਖ ਪਾਰਕਾਂ ਵਿਚ ਮੌਜੂਦਾ ਐਮ.ਐਸ. ਰੇਲਿੰਗ ਦੇ ਹੇਠਾਂ ਟੋਅ ਵਾਲ ਦਾ ਨਿਰਮਾਣ।<br>ਰਕਮ : ਰੁ. 33,04,463/- ਸਮਾਂ ਹੱਦ : 04 ਮਹੀਨੇ<br>ਬਿਆਨਾ ਰਕਮ : ਰੁ. 66,089/- ਟੈਂਡਰ ਫੀਸ : ਰੁ. 3000/- | 25.03.2026 at 5.30 P.M To 01.04.2026 at 3.00 P.M. | 01.04.2026 at 3.00 P.M. |
| | ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 3 | | |
| 2. | ਮਲੋਆ, ਚੰਡੀਗੜ੍ਹ ਵਿਚ ਪੁਨਰ ਵਾਸ ਕਲੋਨੀ ਅਤੇ ਬਾਕੀ ਬਚਦੀਆਂ ਗਲੀਆਂ ਵਿਚ ਫੁੱਟਪਾਥਾਂ ਦੀ ਮੁਰੰਮਤ। ਹੈਡ : ਪੁਨਰਵਾਸ ਕਲੋਨੀਆਂ (ਈਡਬਲਿਊਐਸ) ਵਿਚ ਬੁਨਿਆਦੀ ਸਹੂਲਤਾਂ, ਸੇਵਾਵਾਂ।<br>ਅਨੁਮਾਨਤ ਲਾਗਤ : ਰੁ. 60.97 ਲੱਖ ਬਿਆਨਾ ਰਕਮ : ਰੁ. 1,21,940/-<br>ਸਮਾਂ ਹੱਦ : 04 ਮਹੀਨੇ | 25.03.2026 To 06.04.2026 upto 12.00 noon | 06.04.2026 at 15.00 PM |
| 3. | ਸੈਕਟਰ 23 ਸੀ, ਚੰਡੀਗੜ੍ਹ ਵਿਚ ਮਾਰਕਿਟ/ਸ਼ੋਅਰੂਮਾਂ ਦੇ ਸਾਹਮਣੇ ਅਤੇ ਪਿਛੇ ਫਰਸ਼ ਦਾ ਵਿਕਾਸ। ਹੈਡ : ਪੁਨਰਵਾਸ ਕਲੋਨੀਆਂ (ਈਡਬਲਿਊਐਸ) ਵਿਚ ਬੁਨਿਆਦੀ ਸਹੂਲਤਾਂ, ਸੇਵਾਵਾਂ।<br>ਅਨੁਮਾਨਤ ਲਾਗਤ : ਰੁ. 56.98 ਲੱਖ ਬਿਆਨਾ ਰਕਮ : ਰੁ. 1,13,965/-<br>ਸਮਾਂ ਹੱਦ : 04 ਮਹੀਨੇ | 25.03.2026 To 06.04.2026 upto 12.00 noon | 06.04.2026 at 15.00 PM |

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ

ਸਹੀ/- ਕਾਰਜਕਾਰੀ ਇੰਜੀਨੀਅਰ
ਬਾਗਬਾਨੀ ਮੰਡਲ ਨੰ. 2 ਅਤੇ ਸੜਕ ਮੰਡਲ ਨੰ. 3, ਐਮ.ਸੀ. ਚੰਡੀਗੜ੍ਹ

# ਰਾਜ ਪੱਧਰੀ ਵਿਕਾਸ ਭਾਰਤ ਯੁਵਾ ਸੰਸਦ 2026 ਕਿਸਾਨ ਭਵਨ, ਚੰਡੀਗੜ੍ਹ ਵਿਖੇ ਸਫਲਤਾਪੂਰਵਕ ਆਯੋਜਿਤ

ਚੰਡੀਗੜ੍ਹ, 25 ਮਾਰਚ (ਅੰਮ੍ਰਿਤਪਾਲ ਸਿੰਘ) : ਰਾਜ ਪੱਧਰੀ ਵਿਕਾਸ ਭਾਰਤ ਯੁਵਾ ਸੰਸਦ 2026 ਮੇਰਾ ਯੁਵਾ ਭਾਰਤ, ਪੰਜਾਬ ਅਤੇ ਚੰਡੀਗੜ੍ਹ ਦੁਆਰਾ ਕਿਸਾਨ ਭਵਨ, ਚੰਡੀਗੜ੍ਹ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ, ਜੋ ਨੌਜਵਾਨਾਂ ਲਈ ਅਰਥਪੂਰਨ ਲੋਕਤੰਤਰੀ ਸੰਵਾਦ ਲਈ ਇੱਕ ਪ੍ਰਭਾਵਸ਼ਾਲੀ ਪਲੇਟਫਾਰਮ ਪ੍ਰਦਾਨ ਕਰਦਾ ਹੈ। ਸ਼੍ਰੀ ਸਤਵੀਰ ਸਿੰਘ, ਆਈਏਐਸ, ਵਿਸ਼ੇਸ਼ ਮੁੱਖ ਸਕੱਤਰ, ਖੇਡਾਂ ਅਤੇ ਯੁਵਾ ਸੇਵਾਵਾਂ, ਪੰਜਾਬ ਸਰਕਾਰ, ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਸ਼ਾਸਨ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਦੀ ਮਹੱਤਤਾ @ਤੇ ਜ਼ੋਰ ਦਿੱਤਾ ਅਤੇ ਅਜਿਹਾ ਪ੍ਰਭਾਵਸ਼ਾਲੀ ਪਲੇਟਫਾਰਮ ਪ੍ਰਦਾਨ ਕਰਨ ਲਈ ਮੇਰਾ ਯੁਵਾ ਭਾਰਤ, ਪੰਜਾਬ ਅਤੇ ਚੰਡੀਗੜ੍ਹ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਭਾਗੀਦਾਰਾਂ ਨੂੰ ਰਾਸ਼ਟਰ ਨਿਰਮਾਣ ਅਤੇ ਨੀਤੀ ਨਿਰਮਾਣ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਪ੍ਰੋਗਰਾਮ ਦਾ ਮੁਲਾਂਕਣ ਸ਼੍ਰੀ ਨਵਦੀਪ ਸਿੰਘ, ਸ਼੍ਰੀ ਗੁਰਮੀਤ ਸਿੰਘ, ਸ਼੍ਰੀਮਤੀ ਨਿਸ਼ਾ, ਸ਼੍ਰੀ ਕੇ. ਗ੍ਰੀਸ਼ਣ ਅਤੇ ਸ਼੍ਰੀ ਸੁਨੀਲ ਦੱਤ ਵਾਲੇ ਇੱਕ ਮਾਣਯੋਗ ਜਿਊਰੀ ਪੈਨਲ ਦੁਆਰਾ ਕੀਤਾ ਗਿਆ। ਜਿਊਰੀ ਮੈਂਬਰਾਂ ਨੇ ਭਾਗੀਦਾਰਾਂ ਦਾ ਮੁਲਾਂਕਣ ਸਮੱਗਰੀ, ਸਪਸ਼ਟਤਾ, ਪ੍ਰਗਟਾਵੇ ਅਤੇ ਸਮੁੱਚੀ ਪੇਸ਼ਕਾਰੀ ਦੇ ਆਧਾਰ @ਤੇ ਕੀਤਾ। ਰਾਜ ਪੱਧਰੀ ਮੁਕਾਬਲੇ ਵਿੱਚ ਕੁੱਲ 120 ਭਾਗੀਦਾਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਪੰਜਾਬ ਦੇ ਹਰੇਕ ਜ਼ਿਲ੍ਹੇ ਤੋਂ ਪੰਜ ਜੇਤੂ ਅਤੇ ਚੰਡੀਗੜ੍ਹ ਤੋਂ ਪੰਜ ਜੇਤੂ ਸ਼ਾਮਲ ਸਨ। ਸਾਰਿਆਂ ਦੀ ਚੋਣ ਮੇਰਾ ਯੁਵਾ ਭਾਰਤ ਦੁਆਰਾ ਆਯੋਜਿਤ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਰਾਹੀਂ ਕੀਤੀ ਗਈ ਸੀ। ਕੇਂਦਰੀ ਬਜਟ 2026: ਭਾਰਤੀ ਨੌਜਵਾਨਾਂ ਨੂੰ ਵਿਕਸਤ ਭਾਰਤ 2047 ਵੱਲ ਸਸ਼ਕਤ ਬਣਾਉਣਾ। ਭਾਗੀਦਾਰਾਂ ਨੇ ਇਸ ਵਿਸ਼ੇ @ਤੇ ਪ੍ਰਭਾਵਸ਼ਾਲੀ ਅਤੇ ਸੂਝਵਾਨ ਸੂਝ ਪੇਸ਼ ਕੀਤੀ। ਉਨ੍ਹਾਂ ਨੇ ਸਿੱਖਿਆ ਅਤੇ ਹੁਨਰ ਵਿਕਾਸ ਵਿੱਚ ਨਿਵੇਸ਼ ਵਧਾਉਣ, ਟਿਕਾਊ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਨੌਜਵਾਨ ਉੱਦਮਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।


੧ੳ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ (ਭਾਰਤ ਸਰਕਾਰ ਦਾ ਅਦਾਰਾ)
PUNJAB & SIND BANK (A GOVT. OF INDIA UNDERTAKING)
ਜ਼ੈਡਓ : ਮੋਗਾ — ਜਿਥੇ ਸੇਵਾ ਹੀ ਜੀਵਨ ਦਾ ਰਾਹ ਹੈ — ਜ਼ੈਡਓ : ਮੋਗਾ

**ਸਰਫਾਇਸੀ ਐਕਟ ਦੀ ਧਾਰਾ 13 (8) ਅਧੀਨ ਸੂਚਨਾ**

ਵਿਸ਼ਾ: ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (SARFAESI ACT) ਦੀ ਧਾਰਾ 13(8) ਦੇ ਤਹਿਤ ਤੁਹਾਡੇ ਕੋਲ ਨਿਹਿਤ ਅਧਿਕਾਰ ਦੇ ਸੰਦਰਭ ਵਿੱਚ ਮੁਕਤੀ ਲਈ ਨੋਟਿਸ, ਜੋ ਕਿ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਉਪਬੰਧ ਦੇ ਨਾਲ ਪੜ੍ਹਿਆ ਜਾਂਦਾ ਹੈ।
ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਨਿਮਨ ਹਸਤਹਖਰੀ ਨੇ ਖਾਤੇ ਦੇ ਵਿਰੁੱਧ ਦੱਸੀ ਗਈ ਮਿਤੀ ਨੂੰ ਸਰਫੇਸੀ ਐਕਟ ਦੀ ਧਾਰਾ 13(2) ਦੇ ਤਹਿਤ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ। ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਰੱਖਿਅਕ ਬੈਂਕ ਦੀਆਂ ਦੇਣਦਾਰੀਆਂ ਨੂੰ ਨਿਭਾਉਣ ਵਿੱਚ ਅਸਫਲ ਰਹੇ ਹਨ, ਇਸ ਲਈ, ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਹਖਰੀ ਨੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(4) ਦੇ ਤਹਿਤ ਆਪਣੀ ਸ਼ਕਤੀ ਦੀ ਵਰਤੋਂ ਕਰਦੇ ਹੋਏ, ਉਪਰੋਕਤ ਕਰਜ਼ਦਾਤਾਂ ਅਤੇ ਬੈਂਕ ਦੇ ਬਕਾਇਆ ਕਰਜ਼ਿਆਂ ਦੀ ਪ੍ਰਾਪਤੀ ਲਈ ਈ-ਨਿਲਾਮੀ ਰਾਹੀਂ ਹੇਠਾਂ ਦੱਸੇ ਅਨੁਸਾਰ ਜਾਇਦਾਦਾਂ, ਸੁਰੱਖਿਅਤ ਸੰਪਤੀਆਂ ...

1. ਆਰ. ਨਕ. ਮੋਗਾ — 02.07.2025/29.09.2025 — CERSAI ASSET ID : 200067023713
2. ਜ਼ੀਰਾਵਾਲੀ ਤਰਨ ਤਾਰਨ — 09.03.2023/30.11.2023 — ਰੁ. 9,47,572.00 — CERSAI ASSET ID : 100000332929

ਮਿਤੀ : 25.03.2026 — ਸਥਾਨ : ਮੋਗਾ, ਤਰਨ ਤਾਰਨ — ਅਧਿਕਾਰਤ ਅਧਿਕਾਰੀ



ਪੰਜਾਬ ਨੈਸ਼ਨਲ ਬੈਂਕ ... ਭਰੋਸੇ ਦਾ ਪ੍ਰਤੀਕ !
ਸਰਕਲ ਦਫ਼ਤਰ ਪਟਿਆਲਾ

**ਸੋਧ**

ਕਿਰਪਾ ਕਰਕੇ ਸਾਡੇ ਰਾਜਪੁਰਾ ਐਸਐਸਆਈ (062110) ਦੇ ਮੈਸਰਜ਼ ਐਸਬੀ ਗੈਸ ਸਟੋਵ ਵਰਕਸ ਦੇ ਖਾਤੇ ਲਈ ਇੰਡੀਅਨ ਐਕਸਪ੍ਰੈਸ ਅਤੇ ਚੜ੍ਹਦੀਕਲਾ ਵਿੱਚ ਮਿਤੀ 10.03.2026 ਨੂੰ ਪ੍ਰਕਾਸ਼ਿਤ ਸਾਡੇ ਈ-ਨਿਲਾਮੀ ਵਿਕਰੀ ਸੂਚਨਾ ਦੇ ਲੜੀ ਨੰ 04 ਨੂੰ ਵੇਖੋ। ਹੁਣ ਖਾਤੇ ਵਿੱਚ ਕਿਰਪਾ ਕਰਕੇ ਉਕਤ ਜਾਇਦਾਦ ਲਈ ਸਟੇਟ ਬੈਂਕ ਆਫ਼ ਇੰਡੀਆ ਦੇ ਦੂਜੇ ਚਾਰਜ ਨੂੰ ਪੜ੍ਹੋ ਅਤੇ ਜਮ ?ਹਾਂਬੰਦੀ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ।

ਅਧਿਕਾਰਤ ਅਧਿਕਾਰੀ



ਬੈਂਕ ਆਫ਼ ਮਹਾਰਾਸ਼ਟਰਾ — Bank of Maharashtra — ਭਾਰਤ ਸਰਕਾਰ ਦਾ ਉਦਮ
ਸ਼ਾਖਾ ਦਫ਼ਤਰ : ਪਹਿਲੀ ਮੰਜ਼ਿਲ, ..., ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ-141001, ਫੋਨ : 0161-2495472, ਈਮੇਲ : Recovery_ldh@bankofmaharashtra.bank.in, Legal_ldhbankofmaharastra.bank.in
ਮੁੱਖ ਦਫ਼ਤਰ : 'ਲੋਕਮੰਗਲ', 1501, ਸ਼ਿਵਾਜੀ ਨਗਰ, ਪੂਣੇ - 411005

**ਅਚੱਲ ਸੰਪਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**

06.04.2026 ਨੂੰ ਸਵੇਰੇ 11.00 ਵਜੇ ਤੋਂ ਬਾ. ਦੁ. 03.00 ਵਜੇ ਤੱਕ ਜਾਂਚ
ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 16.04.2026, ਮੰਗਲਵਾਰ ਸਵੇਰੇ 11.00 ਵਜੇ ਤੋਂ ਬਾ. ਦੁ. 3.00 ਵਜੇ (ਆਖਰੀ 5 ਮਿੰਟਾਂ ਦੇ ਅੰਦਰ ਬੋਲੀ ਦਿੱਤੇ ਜਾਣ ਦੀ ਸੂਰਤ ਵਿਚ 5 ਮਿੰਟਾਂ ਦੇ ਸਵੈ ਵਾਧੇ ਦੇ ਨਾਲ)

| ਲ. ਨੰ. | ਸ਼ਾਖਾ / ਕਰਜ਼ਦਾਰ/ਜ਼ਾਮਨ/ਸਹਿ-ਕਰਜ਼ਦਾਰ/ਮਾਲਕ ਦਾ ਨਾਮ | ਬਕਾਇਆ ਰਕਮ | ਜਾਣੂ ਦੇਣਦਾਰੀਆਂ ਸਮੇਤ ਅਚੱਲ ਸੰਪਤੀ ਦਾ ਸੰਖੇਪ ਵੇਰਵਾ | ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|---|
| 1. | ਸ਼ਾਖਾ : ਫੋਕਲ ਪੁਆਇੰਟ ਰੋਡ, ਲੁਧਿਆਣਾ; ਕਰਜ਼ਦਾਰ: ਸ਼੍ਰੀ ਪਵਨ ਕੁਮਾਰ ਪੁੱਤਰ ਸ਼੍ਰੀ ਭੀਮ ਸੈਨ ... ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸ਼੍ਰੀ ਰਜਨੀਸ਼ ਕੁਮਾਰ | 12,80,691.72 ਰੁਪਏ 08/09/2022 ਤੋਂ ਲਾਗੂ ਹੋਣ ਵਾਲੇ ਖਰਚੇ ਅਤੇ ਹੋਰ ਖਰਚੇ ਸਮੇਤ | ਸਾਲ 2009-2010 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ-88, 89, 82/2 ... 870/1662, 691/801 ... 66.00 ਵਰਗ ਗਜ਼ ... | ਸੰਕੇਤਕ ਕਬਜ਼ਾ | ਰੁ.9,80,000/- / ਰੁ.98,000/- / ਰੁ.10,000/- |

ਮਿਤੀ : 25.03.2026 — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ ਅਤੇ ਮੁੱਖ ਪ੍ਰਬੰਧਕ, ਜ਼ੋਨਲ ਦਫ਼ਤਰ ਬੈਂਕ ਆਫ਼ ਮਹਾਰਾਸ਼ਟਰਾ, ਲੁਧਿਆਣਾ



ਯੂਨੀਅਨ ਬੈਂਕ ਆਫ਼ ਇੰਡੀਆ — Union Bank of India
ਖੇਤਰੀ ਦਫ਼ਤਰ : ਬਠਿੰਡਾ, ਐਸਸੀਐਫ 136-137, ਰੋਜ਼ ਗਾਰਡਨ ਕੰਪਲੈਕਸ, ਨੇੜੇ ਮਿੱਤਲ ਮਾਲ, ਗੋਨਿਆਣਾ ਰੋਡ, ਬਠਿੰਡਾ-151001, Email : crld.robathinda@unionbankofindia.bank.in
ਈ-ਨਿਲਾਮੀ ਵਿਕਰੀ ਸੂਚਨਾ

**ਅੰਤਿਕਾ- IV-1 [ਨਿਯਮ 8 (6) ਦਾ ਪ੍ਰਾਵਧਾਨ ਦੇਖੋ] ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ**

ਨਿਮਨ ਦਰਸਾਈ ਸੰਪਤੀ/ਆਂ 10.04.2026 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਵੈਬਸਾਈਟ https://baanknet.com ਰਾਹੀਂ ਆਨਲਾਈਨ ਈ-ਨਿਲਾਮੀ ਦੁਆਰਾ ਵੇਚੀਆਂ ਜਾਣਗੀਆਂ।

| ਲ. ਨੰ. | ਸ਼ਾਖਾ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|
| 1. | ਧੂਰੀ ਸ਼ਾਖਾ (62350) (ਮੋ.-8369662350) — ਰੁ. 17,90,872/- 18.05.2022 | Rs. 27,50,000/- / Rs. 2,75,000/- / Rs. 20,000/- |
| 2. | ਮਾਨਸਾ (57590) (ਮੋ.-8169457590) — ਰੁ. 8,20,394.70 25.05.2022 | Rs. 6,15,000/- / Rs. 61,500/- / Rs. 10,000/- |
| 3. | ਧੂਰੀ (916064) (ਮੋ.-9372716062) — ਰੁ. 5,14,001/- 14.10.2019 | Rs. 12,15,000/- / Rs. 1,21,500/- / Rs. 10,000/- |
| 4. | ਮੁਕਤਸਰ (535494) (ਮੋ.-9078598035) — ਰੁ. 6,10,856.95 02.06.2022 | Rs. 10,30,000/- / Rs. 1,03,000/- / Rs. 10,000/- |
| 5. | ਯੂਐਸਐਚ ਪਟਿਆਲਾ (06102) (ਮੋ.-8372806102) — ਰੁ. 12,26,381.35 01.05.2019 | Rs. 10,00,000/- / Rs. 1,00,000/- / Rs. 10,000/- |

ਮਿਤੀ: 25.03.2026 — ਸਥਾਨ: ਬਠਿੰਡਾ — ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ਼ ਇੰਡੀਆ



ADITYA BIRLA CAPITAL — ਅਦਿਤਯ ਬਿਰਲਾ ਕੈਪੀਟਲ ਲਿਮਟਿਡ
**ਈ-ਨਿਲਾਮੀ ਵਿਕਰੀ ਸੂਚਨਾ**

ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 28 ਅਪ੍ਰੈਲ 2026, ਕੇਵਾਈਸੀ ਅਤੇ ਬਿਆਨਾ ਰਕਮ ਜਮ੍ਹਾਂ (ਈਐਮਡੀ) ਦੀ ਪ੍ਰਾਪਤੀ ਦੀ ਆਖਰੀ ਮਿਤੀ : 27 ਮਈ 2026

| | ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰ | ਸੰਪਤੀਆਂ/ਸੁਰੱਖਿਅਤ ਸੰਪਤੀਆਂ ਦੇ ਵੇਰਵੇ | ਰਾਖਵੀਂ ਕੀਮਤ | ਬਿਆਨਾ ਰਕਮ / ਬੋਲੀ ਵਾਧਾ | ਮੰਗ ਨੋਟਿਸ |
|---|---|---|---|---|---|
| 1 | 1. ਸ਼੍ਰੀ ਮਨਦੀਪ ਸਿੰਘ ਔਲਖ ਪੁੱਤਰ ਮਹਿੰਦਰ ਸਿੰਘ 2. ਸ਼੍ਰੀਮਤੀ ਮਨਦੀਪ ਕੌਰ ਔਲਖ ਪਤਨੀ ਮਨਦੀਪ ਸਿੰਘ ਔਲਖ Loan A/c no. ABCHDSTS000000899043 | ... ਬਿਸਵਾਸੀ ਜੋ ਕਿ ਜ਼ਮੀਨ ਦੇ ਮਾਪ 06 ਵਿੱਘਾ 11 ਬਿਸਵਾ 16 ਬਿਸਵਾਸੀ ਦਾ 230/19770 ਹਿੱਸਾ ਹੈ, ਜੋ ਕਿ ਖਸਰਾ ਨੰਬਰ 56//4/2/2 (0-10), 56//4/3/2 (2-2-16), 56//5/1 (0-19), 56//7/1 (3-0), ਖਾਤਾ ਨੰਬਰ 427/592 ਵਿੱਚ ਸ਼ਾਮਲ ਹੈ, ਜੋ ਕਿ ਸਾਲ 2010-2011 ਲਈ ਜਮ ?ਹਾਂਬੰਦੀ ਅਨੁਸਾਰ, ਪਿੰਡ ਮੰਗਵਾਲ, ਲਿਟਲ ਫਲਾਵਰ ਸਕੂਲ ਦੇ ਸਾਹਮਣੇ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਦੀਆਂ ਮਾਲੀਆ ਸੀਮਾਵਾਂ ਦੇ ਅੰਦਰ ਸਥਿਤ ਹੈ ਅਤੇ ਹੱਦਬੰਦੀ (ਟਾਈਟਲ ਡੀਡ ਅਨੁਸਾਰ) ਹੇਠ ਲਿਖੇ ਅਨੁਸਾਰ ਹੈ:- ਪੂਰਬ: 33'; ਰਸਤਾ 30' ਚੌੜਾ, ਪੱਛਮ: 31'; ਖਾਲੀ ਪਲਾਟ, ਉੱਤਰ: 59'9"; ਖਾਲੀ ਪਲਾਟ, ਦੱਖਣ: 73'9"; ਰਸਤਾ 20' ਚੌੜਾ। | ਰੁ. 24,00,000/- (ਰੁਪਏ ਚੌਵੀ ਲੱਖ ਕੇਵਲ) | ਰੁ. 2,40,000/- (ਰੁਪਏ ਦੋ ਲੱਖ ਚਾਲੀ ਹਜ਼ਾਰ ਕੇਵਲ) / ਰੁ. 25,000/- (ਰੁਪਏ ਪੱਚੀ ਹਜ਼ਾਰ ਕੇਵਲ) | 08-ਦਸੰਬਰ-2026 ਅਤੇ 21,16,271/- ਰੁਪਏ (ਇੱਕੀ ਲੱਖ ਸੋਲ੍ਹਾਂ ਹਜ਼ਾਰ ਦੋ ਸੌ ਇਕਹੱਤਰ ਰੁਪਏ ਕੇਵਲ) 08-12-2025 ਨੂੰ ਬਕਾਇਆ ਅਤੇ ਭੁਗਤਾਨਯੋਗ |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟ ਭਾਵ https://abfl.adityabirlacapital.com/Pages/Individual/Properties-for-Auction-under-SARFAESI-Act.aspx ਜਾਂ https://BidDeal.in ਵਿੱਚ ਵਿਵਸਥਿਤ ਲਿੰਕ ਦਾ ਹਵਾਲਾ ਲਓ। ਸੰਪਰਕ ਵੇਰਵੇ : ਆਦਿਤਿਆ ਬਿਰਲਾ ਕੈਪੀਟਲ ਲਿਮਟਿਡ, ਅਧਿਕਾਰਤ ਅਧਿਕਾਰੀ - 1) 3) ਪੁਨੀਤ ਸਿੰਘ: ਮੋਬ. ਨੰ. + (97200 29337), ਅਪੂਰਵਾ ਦੰਬੀ (9930909725), ਸ਼੍ਰੀ ਵੇਦ ਪ੍ਰਕਾਸ਼ ਮਿਸ਼ਰਾ (ਮੋਬਾਈਲ ਨੰ. 9004026790), ਮੋਹਿਤ ਸ਼ਰਤਮਾ (9873913955), ਕੋਮਲ ਪਾਟਿਲ (9867895795), ਸ਼੍ਰੀ ਜਹਿਰੁਲ ਲਸਕਰ (91 97060 03075), ਕੁੰਦਨ ਸਿੰਘ (7508702669)

ਮਿਤੀ : 26.03.2026, ਸਥਾਨ : ਸੰਗਰੂਰ — ਸਹੀ/-ਅਧਿਕਾਰਤ ਅਧਿਕਾਰੀ, ਆਦਿਤਯ ਬਿਰਲਾ ਫਾਇਨਾਂਸ ਲਿਮਟਿਡ



**ਵਸੂਲੀ ਅਧਿਕਾਰੀ ਦਾ ਦਫ਼ਤਰ**

**ਕਰਜ਼ ਵਸੂਲੀ ਟ੍ਰਿਬੀਊਨਲ-I ਵਿੱਚ, ਚੰਡੀਗੜ੍ਹ ਦੂਜੀ ਮੰਜ਼ਿਲ ਐਸਸੀਓ 33-34-35 ਸੈਕਟਰ-17 ਏ, ਚੰਡੀਗੜ੍ਹ-160017 ਵਿਖੇ**

**ਵਿਕਰੀ ਦਾ ਐਲਾਨ: ਅਚੱਲ ਜਾਇਦਾਦ**

ਆਰਸੀ ਨੰਬਰ ਆਰਸੀ/149/2023 — ਮਿਤੀ: 19.02.2026
ਨਿਲਾਮੀ ਵਿਕਰੀ ਦੀ ਮਿਤੀ: 12 ਮਈ 2026

ਆਮਦਨ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦੇ ਨਿਯਮ 37,38 ਅਤੇ 52 (1), (2) ਦੇ ਤਹਿਤ ਵਿਕਰੀ ਦਾ ਐਲਾਨ, ਜੋ ਕਿ ਸਮੇਂ-ਸਮੇਂ 'ਤੇ ਸੋਧੇ ਗਏ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਐਕਟ, 1993 ਦੇ ਬਕਾਇਆ ਕਰਜ਼ਿਆਂ ਦੀ ਵਸੂਲੀ ਦੇ ਨਾਲ ਪੜ੍ਹਿਆ ਜਾਂਦਾ ਹੈ।

**ਪੰਜਾਬ ਨੈਸ਼ਨਲ ਬੈਂਕ**
**ਬਨਾਮ**
**ਮੈਸ. ਜੈਨ ਟ੍ਰੇਡਿੰਗ ਕੰਪਨੀ**

ਵੱਲ,
1. ਮੈਸਰਜ਼ ਜੈਨ ਟਰੇਡਿੰਗ ਕੰਪਨੀ, ਦੁਕਾਨ ਨੰਬਰ 41, ਨਵੀਂ ਅਨਾਜ ਮੰਡੀ, ਜੰਡਿਆਲਾ ਗੁਰੂ, ਅੰਮ੍ਰਿਤਸਰ, ਇੱਕ ਮਲਕੀਅਤ ਕੰਪਨੀ ਆਪਣੀ ਮਾਲਕ ਸ਼੍ਰੀਮਤੀ ਸ਼ਾਲਾ ਜੈਨ ਰਾਹੀਂ।
2. ਸ਼੍ਰੀਮਤੀ ਸ਼ੱਲਾ ਜੈਨ ਸੁਪਤਨੀ ਸ੍ਰੀ ਅਨਿਲ ਜੈਨ, ਦੁਕਾਨ ਨੰ: 41, ਨਵੀਂ ਅਨਾਜ ਮੰਡੀ, ਜੰਡਿਆਲਾ ਗੁਰੂ, ਅੰਮ੍ਰਿਤਸਰ।
3. ਸ਼੍ਰੀਮਤੀ ਜੋਗਿੰਦਰ ਕੌਰ ਸੁਪਤਨੀ ਸਵਰਗੀ ਸ੍ਰੀ. ਤੀਰਥ ਸਿੰਘ, ਵਾਸੀ ਮਕਾਨ ਨੰਬਰ 117, ਸਰਾਏ ਰੋਡ, ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।
4. ਸ੍ਰੀ. ਮੰਗਲ ਸਿੰਘ ਪੁੱਤਰ ਸ. ਜਗਤਾਰ ਸਿੰਘ, ਵਾਸੀ ਮਕਾਨ ਨੰਬਰ 38, ਪਿੰਡ ਕਰਮਜੀਤਪੁਰਾ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ।
5. ਸ੍ਰੀ. ਮੰਗਤ ਰਾਮ ਪੁੱਤਰ ਸ. ਗੁਰਦਿੱਤਾ ਮੱਲ, ਵਾਸੀ ਮਕਾਨ ਨੰਬਰ 256, ਗਹਿਰੀ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।
6. ਸ੍ਰੀ. ਪੰਕਜ ਪੁੱਤਰ ਸ. ਮੰਗਤ ਰਾਮ, ਵਾਸੀ ਮਕਾਨ ਨੰਬਰ 256, ਗਹਿਰੀ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।
7. ਸ੍ਰੀ. ਅੰਕੁਸ਼ ਪੁੱਤਰ ਸ. ਮੰਗਤ ਰਾਮ, ਵਾਸੀ ਮਕਾਂਨ ਨੰਬਰ 256, ਗਹਿਰੀ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।
8. ਸ਼੍ਰੀਮਤੀ ਪ੍ਰੀਤੀ ਰਾਣੀ ਪੁੱਤਰੀ ਸ਼੍ਰੀ ਮੰਗਤ ਰਾਮ, ਨਿਵਾਸੀ ਮਕਾਨ ਨੰ. 256, ਗਹਿਰੀ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ।

1. ਜਦੋਂ ਕਿ ਰਿਕਵਰੀ ਸਰਟੀਫਿਕੇਟ, ਭਾਵ ਆਰਸੀ ਨੰ. ਆਰਸੀ/149/2023, ਓ.ਏ. ਨੰ. 1536/2018, 4,21,02,337/- (ਚਾਰ ਕਰੋੜ ਇੱਕੀ ਲੱਖ ਦੋ ਹਜ਼ਾਰ ਤਿੰਨ ਸੌ ਸੱਤਰ ਰੁਪਏ ਸਿਰਫ਼) ਦੀ ਰਿਕਵਰੀ ਲਈ ਸੰਯੁਕਤ ਅਤੇ ਵੱਖਰੇ ਤੌਰ 'ਤੇ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਮੌਜੂਦਾ ਅਤੇ ਭਵਿੱਖ ਦੇ ਸਧਾਰਨ ਵਿਆਜ ਦੇ ਨਾਲ 11.05% ਸਾਲਾਨਾ ਵਿਆਜ ਦੇ ਨਾਲ ਮਹੀਨਾਵਾਰ ਬਕਾਇਆ 16.08.2018 ਤੋਂ ਲਾਗਤ ਸਮੇਤ ਵਸੂਲੀ ਦੀ ਮਿਤੀ ਤੱਕ, ਅਤੇ ਤੁਸੀਂ, ਸੀਡੀ(ਆਂ), ਸਰਟੀਫਿਕੇਟ ਧਾਰਕ ਬੈਂਕ(ਆਂ)/ਵਿੱਤੀ ਸੰਸਥਾ(ਆਂ) ਦੇ ਬਕਾਏ ਵਾਪਸ ਕਰਨ ਵਿੱਚ ਅਸਫਲ ਰਹੇ।

2. ਜਦੋਂ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਉਕਤ ਰਿਕਵਰੀ ਸਰਟੀਫਿਕੇਟ ਦੀ ਸੰਤੁਸ਼ਟੀ ਲਈ ਇੱਥੇ ਦਿੱਤੇ ਅਨੁਸੂਚੀ ਵਿੱਚ ਦਰਸਾਏ ਅਨੁਸਾਰ ਸਰਟੀਫਿਕੇਟ ਦੇਣ ਵਾਲੇ ਦੀਆਂ ਗਿਰਵੀ/ਨੱਥੀ ਜਾਇਦਾਦਾਂ ਨੂੰ ਵੇਚਣ ਦਾ ਹੁਕਮ ਦਿੱਤਾ ਹੈ। ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਮੁਲਤਵੀ ਕਰਨ ਦੇ ਕਿਸੇ ਵੀ ਹੁਕਮ ਦੀ ਅਣਹੋਂਦ ਵਿੱਚ, ਉਕਤ ਜਾਇਦਾਦ(ਆਂ) ਨੂੰ 12-05-2026 ਨੂੰ ਦੁਪਹਿਰ 14:00 ਵਜੇ ਤੋਂ 15:00 ਵਜੇ ਦੇ ਵਿਚਕਾਰ ਨਿਲਾਮੀ ਦੁਆਰਾ ਵੇਚਿਆ ਜਾਵੇਗਾ ਅਤੇ ਬੋਲੀ ਵੈੱਬਸਾਈਟ: - https://www.bankeauctions.com ਰਾਹੀਂ ਔਨਲਾਈਨ ਕੀਤੀ ਜਾਵੇਗੀ। ਨਿਲਾਮੀ ਸੇਵਾ ਪ੍ਰਦਾਤਾ ਲਈ ਅਧਿਕਾਰਤ ਸੰਪਰਕ ਵਿਅਕਤੀ ਦੇ ਵੇਰਵੇ ਇਸ ਪ੍ਰਕਾਰ ਹਨ: ਨਾਮ: ਸ਼੍ਰੀ ਮਿਥਲੇਸ਼ ਕੁਮਾਰ-ਸਹਾਇਕ ਪ੍ਰਬੰਧਕ, www.c1india.com, ਪਲਾਟ ਨੰਬਰ 68, ਤੀਜੀ ਮੰਜ਼ਿਲ, ਸੈਕਟਰ-44, ਗੁੜਗਾਓਂ-122003, ਵੈੱਬਸਾਈਟ https://www.bankeauctions.com ਹਰਿਆਣਾ (ਭਾਰਤ) ਸਿੱਧਾ: 0124-4302000 (ਮੋਬਾਈਲ: +917080804466) ਈ-ਮੇਲ: delhi@c1india.com, 31 ਭਾਰਤ: ਦੂਜਾ ਮੇਲ mithalesh.kumar@cAindia.comÍ ...

iv. ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਕਿਸੇ ਵੀ ਲਾਟ ਦਾ ਖਰੀਦਦਾਰ ਘੋਸ਼ਿਤ ਕੀਤਾ ਜਾਵੇਗਾ ਬਸ਼ਰਤੇ ਕਿ ਉਹ/ਉਹ/ਉਹ ਬੋਲੀ ਲਗਾਉਣ ਲਈ ਕਾਨੂੰਨੀ ਤੌਰ 'ਤੇ ਯੋਗ ਹਨ ਅਤੇ ਅੱਗੇ ਇਹ ਦੱਸਿਆ ਜਾਵੇ ਕਿ ਉਸ/ਉਸ/ਉਨ੍ਹਾਂ ਦੁਆਰਾ ਬੋਲੀ ਲਗਾਈ ਗਈ ਰਕਮ ਰਿਜ਼ਰਵ ਕੀਮਤ ਤੋਂ ਘੱਟ ਨਹੀਂ ਹੈ।
v. ਇਹ ਹੇਠ ਹਸਤਾਖਰ ਕਰਨ ਵਾਲੇ ਦੇ ਵਿਵੇਕ ਵਿੱਚ ਹੋਵੇਗਾ ਕਿ ਉਹ ਸਭ ਤੋਂ ਵੱਧ ਬੋਲੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦੇਵੇ ਜਦੋਂ ਪੇਸ਼ਕਸ਼ ਕੀਤੀ ਗਈ ਕੀਮਤ ਇੰਨੀ ਸਪੱਸ਼ਟ ਤੌਰ 'ਤੇ ਨਾਕਾਫ਼ੀ ਜਾਪਦੀ ਹੈ ਕਿ ਅਜਿਹਾ ਕਰਨਾ ਅਯੋਗ ਹੋ ਜਾਂਦਾ ਹੈ।
vi. ਹਰੇਕ ਇੱਛੁਕ ਬੋਲੀਕਾਰ ਨੂੰ 11-ਮਈ-26, 4:00 ਵਜੇ ਤੱਕ ਡੀਡੀ/ਪੇਅ ਆਰਡਰ ਰਾਹੀਂ ਰਿਕਵਰ ਅਫਸਰ-1, (ਡੀਆਰਟੀ-1) ਚੰਡੀਗੜ੍ਹ, ਏ/ਸੀ ਆਰ.ਸੀ. ਨੰਬਰ 149/2023 ਦੇ ਹੱਕ ਵਿੱਚ ਅਰਨੈਸਟ ਮਨੀ ਡਿਪਾਜ਼ਿਟ (ਬਿਆਨਾ ਰਕਮ) ਦਾ ਭੁਗਤਾਨ ਆਰ.ਓ. ਕੋਲ ਜਮ੍ਹਾ ਕਰਵਾਉਣ ਲਈ ਜ਼ਰੂਰੀ ਹੋਵੇਗਾ, ਅਤੇ ਜਾਇਦਾਦ ਦੇ ਵੇਰਵਿਆਂ ਦੇ ਨਾਲ-ਨਾਲ ਪੈਨ ਕਾਰਡ, ਪਤੇ ਦਾ ਸਬੂਤ ਅਤੇ ਪਛਾਣ ਦਾ ਸਬੂਤ, ਈ-ਮੇਲ ਆਈਡੀ, ਮੋਬਾਈਲ ਨੰਬਰ ਅਤੇ ਕੰਪਨੀ ਜਾਂ ਕੰਪਨੀ ਦੇ ਪ੍ਰਤੀਨਿਧਤਾ/ਵਕੀਲ ਦੀ ਪੁਸ਼ਟੀ ਕਰਨ ਵਾਲਾ ਕੋਈ ਹੋਰ ਦਸਤਾਵੇਜ਼ ਅਤੇ ਅਜਿਹੀ ਜਮ੍ਹਾਂ ਰਕਮ ਦੀ ਰਸੀਦ/ਕਾਊਂਟਰ ਫੋਇਲ। ਇਸ ਤੋਂ ਬਾਅਦ ਜਮ ?ਹਾ ਕੀਤੀ ਗਈ ਬਿਆਨਾ ਰਕਮ ਨੂੰ ਨਿਲਾਮੀ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਮੰਨਿਆ ਜਾਵੇਗਾ।
ਅਰਨੈਸਟ ਮਨੀ ਡਿਪਾਜ਼ਿਟ (ਬਿਆਨਾ ਰਕਮ)। ਰਿਜ਼ਰਵ ਕੀਮਤ ਅਤੇ ਬੋਲੀ ਵਾਧਾ। ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤਾ ਜਾਵੇਗਾ:

| | ਸੰਪੱਤੀ ਦੇ ਵੇਰਵੇ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ (ਰੁ. 'ਚ) | ਗੁਣਾਂਕ ਵਿਚ ਬੋਲੀ ਵਾਧਾ (ਰੁ. 'ਚ) |
|---|---|---|---|---|
| 1. | a) ਜ਼ਮੀਨ ਮਾਪਣ ਵਾਲੀ 10 ਕਨਾਲ ਕੁੱਲ ਜ਼ਮੀਨ ਦਾ 200/603ਵਾਂ ਹਿੱਸਾ 30 ਕਨਾਲ 03 ਮਰਲੇ, ਖਾਤਾ ਖਤੌਨੀ ਨੰਬਰ 142/143/265 ਤੋਂ 267, 144/268, ਖਸਰਾ ਨੰ. 29//18/1(2-12), 18/2(4-0), 24/1(2-8), 18/3(1-8), 24/2(1-1), 23/1(1-6), 23/2(2-10), 24/3(1-13), 29//17/17), (29//17/17), 25/1(5-5) ਸਾਲ 2002-2003 ਦੀ ਜਮ੍ਹਾਂਬੰਦੀ ਅਨੁਸਾਰ, ਪਿੰਡ ਨਰੰਜਨਪੁਰ ਫੱਤੂਵਾਲ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿਖੇ ਸਥਿਤ, ਵਿਕਰੀ ਡੀਡ ਨੰ. 2600 ਮਿਤੀ 08.12.2006, ਜੋਗਿੰਦਰ ਕੌਰ ਪਤਨੀ ਤੀਰਥ ਸਿੰਘ ਦੇ ਨਾਮ 'ਤੇ ਖੜ੍ਹਾ ਹੈ। 10 ਕਨਾਲਾਂ ਵਿੱਚੋਂ, 6 ਕੇ-14 ਮਰਲੇ ਜ਼ਮੀਨ 31 ਮਿਤੀ 30.09.2016 ਦੇ ਰਾਪਟ ਅਨੁਸਾਰ ਗਿਰਵੀ ਰੱਖੀ ਗਈ ਹੈ। b) 9 ਕਨਾਲ 10 ਮਰਲੇ ਦੀ ਜ਼ਮੀਨ ਕੁੱਲ 30 ਕਨਾਲ 03 ਮਰਲੇ ਜ਼ਮੀਨ ਦਾ 190/603ਵਾਂ ਹਿੱਸਾ ਹੈ ... c) 3 ਕਨਾਲ 14 ਮਰਲੇ ਦੀ ਜ਼ਮੀਨ ਕੁੱਲ 8 ਕਨਾਲ ਦੀ ਜ਼ਮੀਨ ਦਾ 74/160ਵਾਂ ਹਿੱਸਾ ਹੈ ... d) 3 ਕਨਾਲ 1 ਮਰਲੇ ਵਾਲੀ ਜ਼ਮੀਨ ਕੁੱਲ 30 ਕਨਾਲ 03 ਮਰਲੇ ਵਾਲੀ ਜ਼ਮੀਨ ਦਾ 61/603ਵਾਂ ਹਿੱਸਾ ਹੈ ... 2963 ਮਿਤੀ 23.01.2007. | Rs. 2,85,21,750/- | Rs. 28,52,200/- | Rs. 1,00,000/- |

ਈਸ 19 ਫਰਵਰੀ 2026 ਨੂੰ ਮੇਰੇ ਦਸਤਖ਼ਤ ਅਤੇ ਮੋਹਰ ਹੇਠ ਦਿੱਤਾ ਗਿਆ ਹੈ।

ਵਿਕਾਸ ਸ਼ਰਮਾ — ਰਿਕਵਰੀ ਅਫ਼ਸਰ-I, ਡੀਆਰਟੀ-I, ਚੰਡੀਗੜ੍ਹ